# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 23.06.2021 ਨੂੰ ਸਵੇਰੇ 11.00 ਵਜੇ

ਅੱਜ ਮਿਤੀ 23.06.2021 ਨੂੰ ਸਵੇਰੇ 11.00 ਵਜੇ ਸ਼੍ਰੀਮਤੀ ਰਮਨ ਗੋਇਲ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ੍ਰੀ/ਸ੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਅਮਨਦੀਪ ਕੋਰ | 1 | ਕੌਂਸਲਰ |
| 2 | ਸੁਖਦੀਪ ਸਿੰਘ ਢਿੱਲੋਂ | 2 | ਕੌਂਸਲਰ |
| 3 | ਬਲਜੀਤ ਕੋਰ | 3 | ਕੌਂਸਲਰ |
| 4 | ਸੁਖਦੇਵ ਸਿੰਘ | 4 | ਕੌਂਸਲਰ |
| 5 | ਸੋਨੀਆ | 5 | ਕੌਂਸਲਰ |
| 6 | ਬੇਅੰਤ ਸਿੰਘ ਰੰਧਾਵਾ | 6 | ਕੌਂਸਲਰ |
| 7 | ਸ਼ੈਰੀ ਗੋਇਲ | 7 | ਕੌਂਸਲਰ |
| 8 | ਹਰਪਾਲ ਸਿੰਘ ਢਿੱਲੋਂ | 8 | ਕੌਂਸਲਰ |
| 9 | ਵੀਰਪਾਲ ਕੋਰ | 9 | ਕੌਂਸਲਰ |
| 10 | ਬਲਜੀਤ ਸਿੰਘ ਸਰਾਂ | 10 | ਕੌਂਸਲਰ |
| 11 | ਗੁਰਿੰਦਰ ਕੋਰ | 11 | ਕੌਂਸਲਰ |
| 12 | ਅਸ਼ੇਸ਼ਰ ਪਾਸਵਾਨ | 12 | ਕੌਂਸਲਰ |
| 13 | ਗੁਰਦੇਵ ਕੋਰ | 13 | ਕੌਂਸਲਰ |
| 14 | ਵਿਵੇਕ ਗਰਗ | 14 | ਕੌਂਸਲਰ |
| 15 | ਮਨਜੀਤ ਕੋਰ | 15 | ਕੌਂਸਲਰ |
| 16 | ਬਲਰਾਜ ਸਿੰਘ | 16 | ਕੌਂਸਲਰ |
| 17 | ਵਿਕਰਮ ਕ੍ਰਾਂਤੀ | 18 | ਕੌਂਸਲਰ |
| 18 | ਸ਼ੀਲਾ ਰਾਣੀ | 19 | ਕੌਂਸਲਰ |
| 19 | ਮੱਖਣ ਸਿੰਘ | 20 | ਕੌਂਸਲਰ |
| 20 | ਸੰਤੋਸ਼ ਕੁਮਾਰੀ ਮਹੰਤ | 21 | ਕੌਂਸਲਰ |
| 21 | ਸੁਰੇਸ਼ ਕੁਮਾਰ | 22 | ਕੌਂਸਲਰ |
| 22 | ਕਿਰਨ ਰਾਣੀ | 23 | ਕੌਂਸਲਰ |
| 23 | ਸ਼ਾਮ ਲਾਲ ਗਰਗ | 24 | ਕੌਂਸਲਰ |
| 24 | ਕਮਲਜੀਤ ਕੋਰ | 25 | ਕੌਂਸਲਰ |
| 25 | ਸੰਦੀਪ ਕੁਮਾਰ | 26 | ਕੌਂਸਲਰ |
| 26 | ਉਸ਼ਾ ਗੋਇਲ | 27 | ਕੌਂਸਲਰ |
| 27 | ਹਰਮੰਦਰ ਸਿੰਘ | 28 | ਡਿਪਟੀ ਮੇਅਰ |
| 28 | ਰੀਨਾ ਗੁਪਤਾ | 29 | ਕੌਂਸਲਰ |
| 29 | ਬਲਜਿੰਦਰ ਸਿੰਘ | 30 | ਕੌਂਸਲਰ |
| 30 | ਪ੍ਰਵੀਨ ਗਰਗ | 31 | ਕੌਂਸਲਰ |
| 31 | ਉਮੇਸ਼ ਗਰਗ | 32 | ਕੌਂਸਲਰ |
| 32 | ਨੇਹਾ | 33 | ਕੌਂਸਲਰ |
| 33 | ਜਸਵੀਰ ਸਿੰਘ | 34 | ਕੌਂਸਲਰ |
| 34 | ਹਰਵਿੰਦਰ ਸਿੰਘ | 36 | ਕੌਂਸਲਰ |
| 35 | ਅਸ਼ੋਕ ਕੁਮਾਰ | 37 | ਸੀਨੀਅਰ ਡਿਪਟੀ ਮੇਅਰ |
| 36 | ਮਮਤਾ ਸੈਣੀ | 38 | ਕੌਂਸਲਰ |
| 37 | ਪੁਸ਼ਪਾ ਰਾਣੀ | 39 | ਕੌਂਸਲਰ |
| 38 | ਆਤਮਾ ਸਿੰਘ | 40 | ਕੌਂਸਲਰ |
| 39 | ਸੁਖਰਾਜ ਸਿੰਘ ਔਲਖ | 42 | ਕੌਂਸਲਰ |
| 40 | ਅਨੀਤਾ ਗੋਇਲ | 43 | ਕੌਂਸਲਰ |
| 41 | ਇੰਦਰਜੀਤ ਸਿੰਘ | 44 | ਕੌਂਸਲਰ |
| 42 | ਰਤਨ ਰਾਹੀ | 46 | ਕੌਂਸਲਰ |
| 43 | ਮਮਤਾ | 47 | ਕੌਂਸਲਰ |
| 44 | ਜਗਰੂਪ ਸਿੰਘ ਗਿੱਲ | 48 | ਕੌਂਸਲਰ |
| 45 | ਕਮਲੇਸ਼ ਮਹਿਰਾ | 49 | ਕੌਂਸਲਰ |
| 46 | ਮਲਕੀਤ ਸਿੰਘ | 50 | ਕੌਂਸਲਰ |

ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਹਾਊਸ ਵਿੱਚ ਮੋਜੂਦ ਕੁੱਝ ਕੋਂਸਲਰ ਸਾਹਿਬਾਨ ਵੱਲੋਂ ਸ਼੍ਰੀ ਸੁਰੇਸ਼ ਕੁਮਾਰ, ਕੋਂਸਲਰ ਵਾਰਡ ਨੰਬਰ 22 ਦੇ ਪਿਤਾ ਤੋਂ ਇਲਾਵਾ ਸੰਸਾਰ ਪ੍ਰਸਿਧ ਖਿਡਾਰੀ ਮਿਲਖਾ ਸਿੰਘ ਅਤੇ ਨਗਰ ਕੋਂਸਲ ਬਠਿੰਡਾ ਦੇ ਸਾਬਕਾ ਪ੍ਰਧਾਨ ਸ਼੍ਰੀ ਭੁਪਿੰਦਰ ਸਿੰਘ ਭੁੱਲਰ ਦੇ ਅਕਾਲ ਚਲਾਣਾ ਕਰ ਜਾਣ ਦੇ ਨਮਿਤ ਸ਼ੋਕ ਮਤਾ ਪਾਉਣ ਦੀ ਮੰਗ ਕੀਤੀ।

ਉਕਤ ਤੋਂ ਇਲਾਵਾ ਕੋਂਸਲਰ ਸਾਹਿਬਾਨ ਵੱਲੋਂ ਦਸਿਆ ਗਿਆ ਕਿ ਪੰਜਾਬ ਦੇ ਕਿਸਾਨ ਪਿਛਲੇ 6 ਮਹੀਨਿਆਂ ਤੋਂ ਲੋਕਾਂ ਖਾਤਰ ਕਾਰਪੋਰੇਟ ਘਰਾਣਿਆਂ ਖਿਲਾਫ ਅੰਦੋਲਣ ਕਰ ਰਹੇ ਹਨ। ਇਹਨਾਂ ਵਿੱਚੋਂ ਤਕਰੀਬਨ 500 ਕਿਸਾਨ ਆਪਣੀਆਂ ਜਾਨਾਂ ਗਵਾ ਚੁੱਕੇ ਹਨ। ਉਹਨਾਂ ਮੰਗ ਕੀਤੀ ਕਿ ਜਿੰਨ੍ਹਾਂ ਕਿਸਾਨਾਂ ਦੀ ਜਾਨਾਂ ਚਲੀਆਂ ਗਈਆਂ ਹਨ, ਉਹਨਾਂ ਦੇ ਪਰਿਵਾਰ ਖਾਤਰ 1.00 ਕਰੋੜ ਰੁਪਏ ਦੀ ਰਾਸ਼ੀ ਮੁੱਖ ਮੰਤਰੀ ਰਾਹਤ ਕੋਸ਼ ਵਿੱਚ ਦਿੱਤੀ ਜਾਵੇ। ਇਸਤੋਂ ਇਲਾਵਾ ਕੋਵਿਡ ਪੀੜਿਤ ਵਿਅਕਤੀਆਂ ਅਤੇ ਬੱਚਿਆਂ ਲਈ ਮੁੱਖ ਮੰਤਰੀ ਰਾਹਤ ਕੋਸ਼ ਵਿੱਚ 1.00 ਕਰੋੜ ਰੁਪਏ ਦੀ ਰਾਸ਼ੀ ਦਿੱਤੀ ਜਾਵੇ।

ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਦਸਿਆ ਕਿ ਸ਼੍ਰੀ ਮੁਕੇਸ਼ ਕੁਮਾਰ, ਸਾਬਕਾ ਕੋਂਸਲਰ ਦੇ ਭਰਾ ਦੀ ਮੌਤ ਹੋਣ ਕਾਰਨ ਸ਼ੋਕ ਮਤਾ ਪਾਇਆ ਜਾਵੇ ਅਤੇ ਉਕਤ ਅਨੁਸਾਰ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਦੋ ਮਿਨਟ ਦਾ ਮੌਨ ਧਾਰਨ ਕਰਨ ਦੀ ਬੇਨਤੀ ਕੀਤੀ।

**ਮਤਾ ਨੰਬਰ 3:** **ਹਾਊਸ ਵੱਲੋਂ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿਨਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ।**

**ਇਸ ਉਪਰੰਤ ਮੀਟਿੰਗ 15 ਮਿਨਟ ਦੇ ਸਮੇਂ ਲਈ ਮੁਲਤਵੀ ਕੀਤੀ ਗਈ।**

ਸਹੀ/-
**ਮੇਅਰ**
**ਨਗਰ ਨਿਗਮ, ਬਠਿੰਡਾ।**

# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 23.06.2021 ਨੂੰ ਸਵੇਰੇ 11.15 ਵਜੇ

ਅੱਜ ਮਿਤੀ 23.06.2021 ਨੂੰ ਸਵੇਰੇ 11.15 ਵਜੇ ਸ਼੍ਰੀਮਤੀ ਰਮਨ ਗੋਇਲ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਅਮਨਦੀਪ ਕੋਰ | 1 | ਕੌਂਸਲਰ |
| 2 | ਸੁਖਦੀਪ ਸਿੰਘ ਢਿੱਲੋਂ | 2 | ਕੌਂਸਲਰ |
| 3 | ਬਲਜੀਤ ਕੋਰ | 3 | ਕੌਂਸਲਰ |
| 4 | ਸੁਖਦੇਵ ਸਿੰਘ | 4 | ਕੌਂਸਲਰ |
| 5 | ਸੋਨੀਆ | 5 | ਕੌਂਸਲਰ |
| 6 | ਬੇਅੰਤ ਸਿੰਘ ਰੰਧਾਵਾ | 6 | ਕੌਂਸਲਰ |
| 7 | ਸ਼ੈਰੀ ਗੋਇਲ | 7 | ਕੌਂਸਲਰ |
| 8 | ਹਰਪਾਲ ਸਿੰਘ ਢਿੱਲੋਂ | 8 | ਕੌਂਸਲਰ |
| 9 | ਵੀਰਪਾਲ ਕੋਰ | 9 | ਕੌਂਸਲਰ |
| 10 | ਬਲਜੀਤ ਸਿੰਘ ਸਰਾਂ | 10 | ਕੌਂਸਲਰ |
| 11 | ਗੁਰਿੰਦਰ ਕੋਰ | 11 | ਕੌਂਸਲਰ |
| 12 | ਅਸ਼ੇਸ਼ਰ ਪਾਸਵਾਨ | 12 | ਕੌਂਸਲਰ |
| 13 | ਗੁਰਦੇਵ ਕੋਰ | 13 | ਕੌਂਸਲਰ |
| 14 | ਵਿਵੇਕ ਗਰਗ | 14 | ਕੌਂਸਲਰ |
| 15 | ਮਨਜੀਤ ਕੋਰ | 15 | ਕੌਂਸਲਰ |
| 16 | ਬਲਰਾਜ ਸਿੰਘ | 16 | ਕੌਂਸਲਰ |
| 17 | ਵਿਕਰਮ ਕ੍ਰਾਂਤੀ | 18 | ਕੌਂਸਲਰ |
| 18 | ਸ਼ੀਲਾ ਰਾਣੀ | 19 | ਕੌਂਸਲਰ |
| 19 | ਮੱਖਣ ਸਿੰਘ | 20 | ਕੌਂਸਲਰ |
| 20 | ਸੰਤੋਸ਼ ਕੁਮਾਰੀ ਮਹੰਤ | 21 | ਕੌਂਸਲਰ |
| 21 | ਸੁਰੇਸ਼ ਕੁਮਾਰ | 22 | ਕੌਂਸਲਰ |
| 22 | ਕਿਰਨ ਰਾਣੀ | 23 | ਕੌਂਸਲਰ |
| 23 | ਸ਼ਾਮ ਲਾਲ ਗਰਗ | 24 | ਕੌਂਸਲਰ |
| 24 | ਕਮਲਜੀਤ ਕੋਰ | 25 | ਕੌਂਸਲਰ |
| 25 | ਸੰਦੀਪ ਕੁਮਾਰ | 26 | ਕੌਂਸਲਰ |
| 26 | ਉਸ਼ਾ ਗੋਇਲ | 27 | ਕੌਂਸਲਰ |
| 27 | ਹਰਮੰਦਰ ਸਿੰਘ | 28 | ਡਿਪਟੀ ਮੇਅਰ |
| 28 | ਰੀਨਾ ਗੁਪਤਾ | 29 | ਕੌਂਸਲਰ |
| 29 | ਬਲਜਿੰਦਰ ਸਿੰਘ | 30 | ਕੌਂਸਲਰ |
| 30 | ਪ੍ਰਵੀਨ ਗਰਗ | 31 | ਕੌਂਸਲਰ |
| 31 | ਉਮੇਸ਼ ਗਰਗ | 32 | ਕੌਂਸਲਰ |
| 32 | ਨੇਹਾ | 33 | ਕੌਂਸਲਰ |
| 33 | ਜਸਵੀਰ ਸਿੰਘ | 34 | ਕੌਂਸਲਰ |
| 34 | ਹਰਵਿੰਦਰ ਸਿੰਘ | 36 | ਕੌਂਸਲਰ |
| 35 | ਅਸ਼ੋਕ ਕੁਮਾਰ | 37 | ਸੀਨੀਅਰ ਡਿਪਟੀ ਮੇਅਰ |
| 36 | ਮਮਤਾ ਸੈਣੀ | 38 | ਕੌਂਸਲਰ |
| 37 | ਪੁਸ਼ਪਾ ਰਾਣੀ | 39 | ਕੌਂਸਲਰ |
| 38 | ਆਤਮਾ ਸਿੰਘ | 40 | ਕੌਂਸਲਰ |
| 39 | ਸੁਖਰਾਜ ਸਿੰਘ ਔਲਖ | 42 | ਕੌਂਸਲਰ |
| 40 | ਅਨੀਤਾ ਗੋਇਲ | 43 | ਕੌਂਸਲਰ |
| 41 | ਇੰਦਰਜੀਤ ਸਿੰਘ | 44 | ਕੌਂਸਲਰ |
| 42 | ਰਤਨ ਰਾਹੀ | 46 | ਕੌਂਸਲਰ |
| 43 | ਮਮਤਾ | 47 | ਕੌਂਸਲਰ |
| 44 | ਜਗਰੂਪ ਸਿੰਘ ਗਿੱਲ | 48 | ਕੌਂਸਲਰ |
| 45 | ਕਮਲੇਸ਼ ਮਹਿਰਾ | 49 | ਕੌਂਸਲਰ |
| 46 | ਮਲਕੀਤ ਸਿੰਘ | 50 | ਕੌਂਸਲਰ |

*ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਵਾਰਡ ਨੰਬਰ 48 ਨੇ ਕਿਹਾ ਕਿ ਉਹਨਾਂ ਵੱਲੋਂ ਪਿਛਲੇ ਮਹੀਨੇ ਦੌਰਾਨ ਹਾਊਸ ਟੈਕਸ ਸਬੰਧੀ ਰਿਕਾਰਡ ਮੈਨਟੇਨ ਕਰਨ ਖਾਤਰ ਲਿਖ ਕੇ ਦਿੱਤਾ ਗਿਆ ਸੀ। ਉਹਨਾਂ ਮੰਗ ਕੀਤੀ ਕਿ ਹਾਊਸ ਟੈਕਸ ਸਬੰਧੀ ਰਿਕਾਰਡ ਦੁਬਾਰਾ ਤੋਂ ਮੈਨਟੇਨ ਕੀਤਾ ਜਾਵੇ ਅਤੇ ਲੋਕਾਂ ਦੀ ਮੰਗ ਅਨੁਸਾਰ ਨਕਲ ਦਿੱਤੀ ਜਾਵੇ। ਇਸਤੇ ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਦਸਿਆ ਕਿ ਪੰਜਾਬ ਸਰਕਾਰ ਵੱਲੋਂ ਹਾਊਸ ਟੈਕਸ ਦੀ ਥਾਂ ਤੇ ਸਾਲ 2013-14 ਤੋਂ ਪ੍ਰਾਪਰਟੀ ਟੈਕਸ ਲਾਗੂ ਕੀਤਾ ਗਿਆ ਹੈ। ਸਰਕਾਰ ਵੱਲੋਂ ਹਾਊਸ ਟੈਕਸ ਦੇ ਬੰਦ ਕਰਨ ਕਾਰਨ ਰਿਕਾਰਡ ਦੁਬਾਰਾ ਮੈਨਟੇਨ ਨਹੀਂ ਕੀਤਾ ਜਾ ਸਕਦਾ। ਸ੍ਰ: ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਹਾਊਸ ਵੱਲੋਂ ਇਸ ਸਬੰਧੀ ਮਤਾ ਪਾਸ ਕਰਕੇ ਸਰਕਾਰ ਪਾਸ ਭੇਜਿਆ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਇਸ ਸਬੰਧੀ ਰਿਪੋਰਟ ਤਿਆਰ ਕਰਕੇ ਮੇਅਰ, ਨਗਰ ਨਿਗਮ ਬਠਿੰਡਾ ਦੇ ਵਿਚਾਰ ਅਤੇ ਅਗਲੇਰੀ ਕਾਰਵਾਈ ਹਿੱਤ ਪੇਸ਼ ਕਰ ਦਿੱਤੀ ਜਾਵੇਗੀ।*

*ਸ਼੍ਰੀਮਤੀ ਸ਼ੇਰੀ ਗੋਇਲ, ਕੌਂਸਲਰ ਵਾਰਡ ਨੰਬਰ 7 ਨੇ ਕਿਹਾ ਕਿ ਸ਼ਹਿਰ ਵਿੱਚ ਘਰ-ਘਰ ਤੋਂ ਰੋਜ਼ਾਨਾ ਕੂੜ੍ਹਾ ਚੁੱਕਣ ਲਈ ਲਗਾਏ ਟਿੱਪਰਾਂ ਦੇ ਵਰਕਰਾਂ ਦੀ ਹੜਤਾਲ ਹੋਣ ਕਾਰਨ ਘਰਾਂ ਵਿੱਚੋਂ ਕੂੜ੍ਹਾ ਨਹੀਂ ਚੁੱਕਿਆ ਜਾ ਰਿਹਾ। ਇਸਤੇ ਹਾਊਸ ਵਿੱਚ ਮੋਜੂਦ ਬਹੁ-ਗਿਣਤੀ ਵਿੱਚ ਮੈਂਬਰ ਸਾਹਿਬਾਨ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਟਰਾਲੀਆਂ ਰਾਹੀਂ ਰੋਜ਼ਾਨਾ ਕੂੜ੍ਹਾ ਚੁੱਕਿਆ ਜਾ ਰਿਹਾ ਹੈ। ਮੇਅਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਸ਼ਹਿਰ ਵਿੱਚੋਂ ਰੋਜ਼ਾਨਾ ਲੋਕਾਂ ਦੇ ਘਰਾਂ ਵਿੱਚੋਂ ਨਗਰ ਨਿਗਮ ਦੀਆਂ ਟਰਾਲੀਆਂ ਰਾਹੀਂ ਕੂੜ੍ਹਾ ਚੁੱਕਿਆ ਜਾ ਰਿਹਾ ਹੈ। ਫਿਰ ਵੀ ਜੇਕਰ ਕਿਸੇ ਇਲਾਕੇ ਵਿੱਚ ਕੋਈ ਦਿੱਕਤ ਆ ਰਹੀ ਹੈ ਤਾਂ ਜਲਦ ਹੀ ਸਮੱਸਿਆ ਦਾ ਹੱਲ ਕਰ ਦਿੱਤਾ ਜਾਵੇਗਾ। ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਮੇਅਰ ਮੈਡਮ ਦੀਆਂ ਹਦਾਇਤਾਂ ਅਨੁਸਾਰ ਰੋਜ਼ਾਨਾ ਘਰਾਂ ਵਿੱਚੋਂ ਕੂੜ੍ਹਾ ਚੁੱਕਿਆ ਜਾ ਰਿਹਾ ਹੈ। ਉਹਨਾਂ ਦਸਿਆ ਕਿ ਠੇਕੇਦਾਰ ਵੱਲੋਂ ਟਿੱਪਰਾਂ ਤੇ ਰੱਖੀ ਲੇਬਰ ਵੱਲੋਂ ਪੱਕਾ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਇਸ ਸਬੰਧੀ ਪੱਕਾ ਕਰਨ ਦਾ ਅਧਿਕਾਰ ਸਰਕਾਰ ਪਾਸ ਹੈ। ਜੇਕਰ ਕਿਸੇ ਵਾਰਡ/ਇਲਾਕੇ ਵਿੱਚ ਦਿੱਕਤ ਆ ਰਹੀ ਹੈ ਤਾਂ ਟਰਾਲੀਆਂ ਹੋਰ ਵਧਾ ਦਿੱਤੀਆਂ ਜਾਣਗੀਆਂ।*

*ਸ੍ਰ: ਬੇਅੰਤ ਸਿੰਘ ਰੰਧਾਵਾ, ਕੌਂਸਲਰ ਵਾਰਡ ਨੰਬਰ 6 ਨੇ ਕਿਹਾ ਕਿ ਰੋਡ ਗੈਂਗ ਸ਼ਾਖਾ ਵਿੱਚ 10 ਵਰਕਰ ਕੰਮ ਕਰ ਰਹੇ ਹਨ, ਜਦਕਿ ਸ਼ਹਿਰ ਬਹੁਤ ਜਿਆਦਾ ਵੱਧ ਚੁੱਕਿਆ ਹੈ। ਰੋਡ ਗੈਂਗ ਸ਼ਾਖਾ ਦਾ ਕੰਮ ਕਰਨ ਲਈ ਟਿੱਪਰਾਂ ਦੀ ਵੀ ਕਮੀ ਹੈ। ਸ਼ਹਿਰ ਦੀਆਂ ਕਈ ਰੋਡ ਜਾਲੀਆਂ ਵੀ ਖਰਾਬ ਹਨ। ਉਹਨਾਂ ਰੋਡ ਗੈਂਗ ਸ਼ਾਖਾ ਦੇ ਕੰਮ ਦੀ ਮਹਤੱਤਾ ਨੂੰ ਦੇਖਦੇ ਹੋਏ 2-3 ਟਿੱਪਰ ਅਤੇ 10-15 ਹੋਰ ਨਵੇਂ ਵਰਕਰਾਂ ਦਾ ਪ੍ਰਬੰਧ ਕਰਨ ਦੀ ਮੰਗ ਕੀਤੀ ਤਾਂ ਜੋ ਰੋਡ ਗੈਂਗ ਸ਼ਾਖਾ ਦਾ ਕੰਮ ਸੁਚਾਰੂ ਢੰਗ ਨਾਲ ਚੱਲ ਸਕੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਇਸਨੂੰ ਨੋਟ ਕਰ ਲਿਆ ਗਿਆ ਹੈ। ਇਸ ਸਬੰਧੀ ਤਖਮੀਨਾ ਤਿਆਰ ਕਰਕੇ ਵਿਚਾਰ ਹਿੱਤ ਭੇਜ ਦਿੱਤਾ ਜਾਵੇਗਾ।*

*ਸ੍ਰ: ਬਲਜੀਤ ਸਿੰਘ ਸਰਾਂ, ਕੌਂਸਲਰ ਵਾਰਡ ਨੰਬਰ 10 ਨੇ ਕਿਹਾ ਕਿ ਆਨਲਾਈਨ ਨਕਸ਼ੇ ਪਾਸ ਕਰਨ ਦੇ ਨਾਲ-ਨਾਲ ਆਫਲਾਈਨ ਨਕਸ਼ੇ ਪਾਸ ਕਰਨ ਸਬੰਧੀ ਤਜਵੀਜ ਵੀ ਹਾਊਸ ਦੀ ਅਗਲੀ ਮੀਟਿੰਗ ਵਿੱਚ ਵਿਚਾਰ ਹਿੱਤ ਰੱਖੀ ਜਾਵੇ। ਉਹਨਾਂ ਕਿਹਾ ਕਿ ਮਾਡਲ ਟਾਊਨ, ਫੇਸ-3 ਨੂੰ ਨਗਰ ਨਿਗਮ ਵੱਲੋਂ ਟੇਕ ਓਵਰ ਕਰਨ ਖਾਤਰ ਪਹਿਲਾਂ 5.74 ਕਰੋੜ੍ਹ ਰੁਪਏ ਦੀ ਮੰਗ ਕੀਤੀ ਗਈ ਸੀ, ਜਦਕਿ ਦੂਸਰੀ ਮੀਟਿੰਗ ਦੌਰਾਨ ਇਹ ਮੰਗ ਘੱਟ ਕੇ 4.53 ਕਰੋੜ੍ਹ ਰਹਿ ਗਈ। ਹੁਣ ਪੁੱਡਾ ਵੱਲੋਂ ਇਸ ਸਬੰਧੀ ਸਿਰਫ 4.11 ਕਰੋੜ੍ਹ ਰੁਪਏ ਦੀ ਹੀ ਰਕਮ ਭੇਜੀ ਗਈ ਹੈ। ਉਹਨਾਂ ਪੁੱਛਿਆ ਕਿ ਤਕਰੀਬਨ 1.00 ਕਰੋੜ੍ਹ ਰੁਪਏ ਘੱਟ ਕਿਉਂ ਲਏ ਜਾ ਰਹੇ ਹਨ, ਜਦਕਿ ਇਸ ਫੇਸ-3 ਵਿੱਚ ਵਿਕਾਸ ਦੇ ਬਹੁਤ ਜਿਆਦਾ ਕੰਮ ਹੋਣ ਵਾਲੇ ਹਨ। ਇਸਤੋਂ ਇਲਾਵਾ ਫੇਸ-3 ਵਿੱਚ ਬਣੇ ਕੰਮਿਊਨਿਟੀ ਹਾਲ ਨੂੰ ਵੀ ਨਗਰ ਨਿਗਮ ਵੱਲੋਂ ਟੇਕ ਓਵਰ ਕੀਤਾ ਜਾਵੇ। ਉਹਨਾਂ ਇਹ ਵੀ ਕਿਹਾ ਕਿ ਪੁੱਡਾ ਵੱਲੋਂ ਪਾਸ ਕੀਤੀਆਂ 18 ਕਲੋਨੀਆਂ ਦੇ ਲਗਭਗ 2.50 ਕਰੋੜ੍ਹ ਰੁਪਏ ਈ.ਡੀ.ਸੀ. ਦੇ ਬਕਾਇਆ ਹਨ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਮਾਡਲ ਟਾਊਨ, ਫੇਸ-3 ਨੂੰ ਟੇਕ ਓਵਰ ਕਰਨ ਖਾਤਰ 5.12 ਕਰੋੜ੍ਹ ਰੁਪਏ ਦੀ ਰਾਸ਼ੀ ਨਿਯਤ ਹੋਈ ਸੀ। ਨਗਰ ਨਿਗਮ ਬਠਿੰਡਾ ਨੂੰ ਮਾਡਲ ਟਾਊਨ ਫੇਸ-3 ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਬੀ.ਡੀ.ਏ ਪਾਸੋਂ 4.11 ਕਰੋੜ੍ਹ ਰੁਪਏ ਦੀ ਰਾਸ਼ੀ ਪ੍ਰਾਪਤ ਹੋ ਚੁੱਕੀ ਹੈ। ਬਾਕੀ ਦੀ ਬਚਦੀ ਰਕਮ ਸਬੰਧੀ ਨਿਯਮਾਂ ਅਨੁਸਾਰ ਯੋਗ ਫੈਸਲਾ ਲੈਣ ਖਾਤਰ ਨਗਰ ਨਿਗਮ ਬਠਿੰਡਾ ਅਤੇ ਬੀ.ਡੀ.ਏ ਦੇ ਅਧਿਕਾਰੀਆਂ ਦੀ ਮੀਟਿੰਗ ਮਿਤੀ 28.06.2021 ਨੂੰ ਰੱਖੀ ਗਈ ਹੈ। ਉਹਨਾਂ ਇਹ ਵੀ ਦਸਿਆ ਕਿ ਫੇਸ-3 ਵਿੱਚ ਕੰਮਿਊਨਿਟੀ ਸੈਂਟਰ ਪੁੱਡਾ ਦੀ ਮਲਕੀਅਤ ਹੈ, ਜੋ ਕਿ ਲੀਜ਼ ਤੇ ਦਿੱਤਾ ਜਾਂਦਾ ਹੈ। ਹੁਣ ਲੀਜ਼ ਤੇ ਨਾ ਹੋਣ ਕਾਰਨ ਇਸਦਾ ਚਾਰਜ਼ ਵਾਪਸ ਪੁੱਡਾ ਪਾਸ ਹੈ।*

*ਸ੍ਰ: ਹਰਵਿੰਦਰ ਸਿੰਘ, ਕੌਂਸਲਰ ਵਾਰਡ ਨੰਬਰ 36 ਨੇ ਦਸਿਆ ਕਿ ਗੂਗਲ ਮੈਪ ਤੇ ਅਰਜੁਨ ਨਗਰ, ਰਾਜੀਵ ਗਾਂਧੀ ਕਲੋਨੀ, ਗੋਪਾਲ ਨਗਰ ਅਤੇ ਕੋਠੇ ਅਮਰਪੁਰਾ ਨਹੀਂ ਦਿਖਾਈ ਦਿੰਦੇ। ਉਹਨਾਂ ਮੰਗ ਕੀਤੀ ਕਿ ਇਹ ਇਲਾਕੇ ਗੂਗਲ ਮੈਪ ਤੇ ਦਰਸਾਉਣ ਸਬੰਧੀ ਕਾਰਵਾਈ ਕੀਤੀ ਜਾਵੇ। ਉਹਨਾਂ ਇਹ ਵੀ ਕਿਹਾ ਕਿ ਸ਼ਹਿਰ ਵਿੱਚ ਸੀਵਰੇਜ਼ ਅਤੇ ਰੋਡ ਜਾਲੀਆਂ ਦੀ ਡੀ-ਸਿਲਟਿੰਗ ਸਬੰਧੀ ਨਗਰ ਨਿਗਮ ਵੱਲੋਂ ਜੋ ਰੋਡ ਮੈਪ ਬਣਾਇਆ ਗਿਆ ਹੈ, ਉਸਦੀ ਕਾਪੀ ਹਰੇਕ ਕੌਂਸਲਰ ਨੂੰ ਦਿੱਤੀ ਜਾਵੇ। ਉਹਨਾਂ ਇਹ ਵੀ ਮੰਗ ਕੀਤੀ ਕਿ ਜਨਤਾ ਨਗਰ ਵਿਖੇ ਪਾਰਕ ਦਾ ਸੁੰਦਰੀਕਰਨ ਕੀਤਾ ਜਾਵੇ। ਉਹਨਾਂ ਰੋਡ ਗੈਂਗ ਸ਼ਾਖਾ ਵਿੱਚ 20 ਹੋਰ ਵਰਕਰ ਭਰਤੀ ਕਰਨ ਦੀ ਮੰਗ ਕੀਤੀ। ਉਹਨਾਂ ਇਹ ਵੀ ਮੰਗ ਕੀਤੀ ਕਿ ਆਉਟਸੋਰਸ ਤੇ ਰੱਖੇ ਜਿੰਨ੍ਹਾਂ ਕਰਮਚਾਰੀਆਂ ਨੂੰ 5-10 ਸਾਲ ਹੋ ਗਏ ਹਨ, ਉਹਨਾਂ ਦੇ ਭੱਤੇ ਵਧਾਏ ਜਾਣ। ਇਸਦੀ ਸਮੁੱਚੇ ਹਾਊਸ ਵੱਲੋਂ ਮੇਜ਼ਾਂ ਥਪਥਪਾ ਕੇ ਤਾਇਦ ਕੀਤੀ ਗਈ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਗੂਗਲ ਮੈਪ ਵਿੱਚ ਸੋਧ ਕਰਨਾ ਨਗਰ ਨਿਗਮ ਦੇ ਅਧਿਕਾਰ ਖੇਤਰ ਤੋਂ ਬਾਹਰ ਹੈ। ਜੇਕਰ ਜੀ.ਆਈ.ਐਸ ਮੈਪ ਵਿੱਚ ਉਕਤ ਇਲਾਕੇ ਨਹੀਂ ਦਿਖਾਈ ਦਿੰਦੇ ਤਾਂ ਨਗਰ ਨਿਗਮ ਵੱਲੋਂ ਇਸ ਵਿੱਚ ਸੋਧ ਕੀਤੀ ਜਾ ਸਕਦੀ ਹੈ। ਉਹਨਾਂ ਸਕੱਤਰ, ਨਗਰ ਨਿਗਮ ਬਠਿੰਡਾ ਨੂੰ ਹਦਾਇਤ ਕੀਤੀ ਕਿ ਤ੍ਰਿਵੇਣੀ ਕੰਪਨੀ ਵੱਲੋਂ ਕੀਤੀ ਜਾ ਰਹੀ ਡੀ-ਸਿਲਟਿੰਗ ਸਬੰਧੀ ਰੋਡ ਮੈਪ*

*ਦੀ ਕਾਪੀ ਹਰੇਕ ਕੌਂਸਲਰ ਨੂੰ ਮੁੱਹਈਆ ਕਰਾਈ ਜਾਵੇ। ਉਹਨਾਂ ਦਸਿਆ ਕਿ ਸ਼ਹਿਰ ਵਿੱਚ ਡੀ-ਸਿਲਟਿੰਗ ਦੀ ਸਮੱਸਿਆ ਨੂੰ ਦੇਖਦੇ ਹੋਏ ਨਗਰ ਨਿਗਮ ਵੱਲੋਂ ਡੀ-ਸਿਲਟਿੰਗ ਮਸ਼ੀਨਾਂ ਦੀ ਖਰੀਦ ਕੀਤੀ ਜਾ ਰਹੀ ਹੈ। ਜਨਤਾ ਨਗਰ ਵਿਖੇ ਪਾਰਕ ਦੇ ਸੁੰਦਰੀਕਰਨ ਕਰਨ ਖਾਤਰ ਤਖਮੀਨਾ ਤਿਆਰ ਕਰਕੇ ਹਾਊਸ ਦੇ ਵਿਚਾਰ ਹਿੱਤ ਭੇਜ ਦਿੱਤਾ ਜਾਵੇਗਾ। ਰੋਡ ਗੈਂਗ ਸ਼ਾਖਾ ਵਿੱਚ ਵਰਕਰਾਂ ਦੀ ਗਿਣਤੀ ਵਧਾਉਣ ਸਬੰਧੀ ਵੀ ਤਖਮੀਨਾ ਤਿਆਰ ਕਰਕੇ ਹਾਊਸ ਵਿੱਚ ਵਿਚਾਰ ਹਿੱਤ ਭੇਜ ਦਿੱਤਾ ਜਾਵੇਗਾ।*

*ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਤ੍ਰਿਵੇਣੀ ਕੰਪਨੀ ਨੂੰ ਵਾਰ-ਵਾਰ ਕਹਿਣ ਦੇ ਬਾਵਜੂਦ ਵੀ ਕੰਮ ਨਹੀਂ ਕੀਤਾ ਜਾਂਦਾ। ਉਹਨਾਂ ਤ੍ਰਿਵੇਣੀ ਕੰਪਨੀ ਪਾਸੋਂ ਮੈਨਟੀਨੈਂਸ ਦਾ ਕੰਮ ਵਾਪਸ ਲੈਣ ਸਬੰਧੀ ਗੱਲ ਕਹੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਇਕਰਾਰਨਾਮੇ ਦੀਆਂ ਸ਼ਰਤਾਂ ਅਨੁਸਾਰ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।*

*ਸ੍ਰ: ਬੇਅੰਤ ਸਿੰਘ ਰੰਧਾਵਾ, ਕੌਂਸਲਰ ਵਾਰਡ ਨੰਬਰ 6 ਨੇ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਪਾਣੀ/ਸੀਵਰੇਜ਼ ਸਬੰਧੀ 7 ਸ਼ਿਕਾਇਤਾਂ ਸਨ, ਜਿੰਨ੍ਹਾਂ ਦਾ ਅਜੇ ਤੱਕ ਨਿਪਟਾਰਾ ਨਾ ਹੋਣ ਕਾਰਨ ਲੋਕਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ। ਇਸਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਐਸ.ਡੀ.ਓ ਨੇ ਦਸਿਆ ਕਿ ਕਮਲਾ ਨਹਿਰੂ ਨਗਰ ਵਿਖੇ ਡੀ-ਸਿਲਟਿੰਗ ਦਾ ਕੰਮ ਚੱਲ ਰਿਹਾ ਹੈ। ਜਲਦ ਹੀ ਸਮੱਸਿਆ ਦਾ ਹੱਲ ਕਰ ਦਿੱਤਾ ਜਾਵੇਗਾ।ਸ੍ਰ: ਬੇਅੰਤ ਸਿੰਘ ਰੰਧਾਵਾ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ ਇੱਟਾਂ, ਰੇਤਾ ਅਤੇ ਕੂੜ੍ਹਾ ਚੁੱਕਣ ਵਾਲੀਆਂ ਟਰਾਲੀਆਂ ਨੂੰ ਕਵਰ ਨਹੀਂ ਕੀਤਾ ਜਾਂਦਾ। ਇਸ ਨਾਲ ਟਰਾਲੀਆਂ ਦੇ ਪਿੱਛੇ ਚੱਲ ਰਹੇ ਲੋਕਾਂ ਨੂੰ ਬਹੁਤ ਜਿਆਦਾ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਮੰਗ ਕੀਤੀ ਕਿ ਸ਼ਹਿਰ ਵਿੱਚ ਇਹਨਾਂ ਟਰਾਲੀਆਂ ਨੂੰ ਕਵਰ ਕਰਕੇ ਚਲਾਉਣ ਸਬੰਧੀ ਨਗਰ ਨਿਗਮ ਵੱਲੋਂ ਬਣਦੀਆਂ ਹਦਾਇਤਾਂ ਕੀਤੀਆਂ ਜਾਣ।*

*ਸ੍ਰ: ਹਰਪਾਲ ਸਿੰਘ ਢਿੱਲੋਂ, ਕੌਂਸਲਰ ਵਾਰਡ ਨੰਬਰ 8 ਨੇ ਕਿਹਾ ਕਿ ਹਾਊਸ ਦੀ ਮੀਟਿੰਗ ਮਿਤੀ 04.06.2021 ਵਿੱਚ ਪਾਸ ਹੋਏ ਮਤੇ ਅਨੁਸਾਰ ਐਫ.ਐਂਡ ਸੀ.ਸੀ. ਨੂੰ ਜੋ 1.00 ਕਰੋੜ੍ਹ ਰੁਪਏ ਖਰਚ ਕਰਨ ਦੀਆਂ ਸ਼ਕਤੀਆਂ ਦਿੱਤੀਆਂ ਗਈਆਂ ਹਨ, ਉਹ ਵਾਪਸ ਲਈਆਂ ਜਾਣ। ਇਸਤੇ ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਨੇ ਕਿਹਾ ਕਿ ਮਤਾ ਸਰਵ-ਸੰਮਤੀ ਨਾਲ ਪਾਸ ਹੋਣ ਉਪਰੰਤ ਹੀ ਸ਼ਕਤੀਆਂ ਦਿੱਤੀਆਂ ਗਈਆਂ ਹਨ।ਸ੍ਰ: ਹਰਪਾਲ ਸਿੰਘ ਢਿੱਲੋਂ, ਕੌਂਸਲਰ ਨੇ ਕਿਹਾ ਕਿ ਮਾਨਯੋਗ ਮੇਅਰ ਅਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਪਾਸੋਂ ਪੱਤਰ ਲਿਖੇ ਗਏ ਹਨ ਕਿ ਸਬੰਧਤ ਕੌਂਸਲਰ ਸਾਹਿਬਾਨ ਦੇ ਦਸਤਖਤਾਂ ਉਪਰੰਤ ਹੀ ਰੋਡ ਜਾਲੀਆਂ ਡੀ-ਸਿਲਟਿੰਗ ਕਰਨ ਵਾਲੇ ਠੇਕੇਦਾਰਾਂ ਨੂੰ ਅਦਾਇਗੀ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਅਜੇ ਤੱਕ ਉਹਨਾਂ ਪਾਸ ਕੋਈ ਵੀ ਠੇਕੇਦਾਰ ਨਹੀਂ ਆਇਆ। ਉਹਨਾਂ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ 2500 ਦੇ ਕਰੀਬ ਰੋਡ ਜਾਲੀਆਂ ਹਨ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਤ੍ਰਿਵੇਣੀ ਕੰਪਨੀ ਵੱਲੋਂ 2500 ਰੋਡ ਜਾਲੀਆਂ ਡੀ-ਸਿਲਟ ਕਰ ਦਿੱਤੀਆਂ ਗਈਆਂ ਹਨ। ਪਰੰਤੂ ਵਾਰਡ ਵਿੱਚ ਰੋਡ ਜਾਲੀਆਂ 2500 ਤੋਂ ਜਿਆਦਾ ਹਨ। ਇਸ ਲਈ ਬਾਕੀ ਰਹਿੰਦੀਆਂ ਰੋਡ ਜਾਲੀਆਂ ਸਾਫ ਕਰਵਾਉਣ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ।ਸ੍ਰ: ਹਰਪਾਲ ਸਿੰਘ ਢਿੱਲੋਂ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ ਬੰਦੀ ਦੋਰਾਨ ਪੀਣ ਵਾਲੇ ਪਾਣੀ ਦੀ ਕਿੱਲਤ ਨੂੰ ਦੇਖਦੇ ਹੋਏ ਥਰਮਲ ਪਲਾਂਟ ਦੀਆਂ ਝੀਲਾਂ ਨਗਰ ਨਿਗਮ ਵੱਲੋਂ ਲੈ ਲਈਆਂ ਜਾਣ। ਇਸਤੇ ਮੇਅਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਇਸ ਸਬੰਧੀ ਪਹਿਲਾਂ ਹੀ ਕਾਰਵਾਈ ਕੀਤੀ ਜਾ ਰਹੀ ਹੈ।*

*ਸ੍ਰ: ਜਸਵੀਰ ਸਿੰਘ, ਕੌਂਸਲਰ ਵਾਰਡ ਨੰਬਰ 34 ਨੇ ਕਿਹਾ ਕਿ ਤ੍ਰਿਵੇਣੀ ਕੰਪਨੀ ਵੱਲੋਂ ਸ਼ਿਕਾਇਤਾਂ ਦਾ ਨਿਪਟਾਰਾ ਨਹੀਂ ਕੀਤਾ ਜਾਂਦਾ। ਉਹਨਾਂ ਇਸ ਸਬੰਧੀ ਬਣਦੀ ਜਿੰਮੇਵਾਰੀ ਫਿਕਸ ਕਰਨ ਦੀ ਮੰਗ ਕੀਤੀ।*

*ਸ੍ਰ: ਬਲਰਾਜ ਸਿੰਘ, ਕੌਂਸਲਰ ਵਾਰਡ ਨੰਬਰ 16 ਨੇ ਕਿਹਾ ਕਿ ਹਰ ਵਾਰਡ ਵਿੱਚ ਤ੍ਰਿਵੇਣੀ ਕੰਪਨੀ ਤੋਂ ਸਮੱਸਿਆ ਆ ਰਹੀ ਹੈ। ਉਹਨਾਂ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਵੀ ਪਿਛਲੇ 10 ਦਿਨਾਂ ਤੋਂ ਨਛੱਤਰ ਨਗਰ, ਗਲੀ ਨੰਬਰ 4 ਵਿੱਚ ਸੀਵਰ ਬਲਾਕ ਹੋਣ ਕਾਰਨ ਆਮ ਪਬਲਿਕ ਨੂੰ ਦਿੱਕਤ ਆ ਰਹੀ ਹੈ। ਇਸਤੋਂ ਇਲਾਵਾ 7 ਨੰਬਰ ਗਲੀ ਦੀਆਂ ਰੋਡ ਜਾਲੀਆਂ ਵੀ ਸਾਫ ਕੀਤੀਆਂ ਜਾਣ। ਇਸਤੇ ਮੇਅਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਜੇਕਰ ਸੀਵਰੇਜ਼/ਪਾਣੀ ਸਬੰਧੀ ਕੋਈ ਸਮੱਸਿਆ ਆਉਂਦੀ ਹੈ ਤਾਂ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੂੰ ਫੋਨ ਕੀਤਾ ਜਾਵੇ।ਸ੍ਰ: ਬਲਰਾਜ ਸਿੰਘ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਲੱਗੇ ਕਚਰਾ ਪਲਾਂਟ ਵਿੱਚ ਆਏ ਦਿਨ ਅੱਗ ਲੱਗ ਜਾਂਦੀ ਹੈ। ਅੱਗ ਬੁਝਾਉਣ ਲਈ ਪਾਣੀ ਦਾ ਪ੍ਰਬੰਧ ਨਾ ਹੋਣ ਕਾਰਨ ਦਿੱਕਤ ਆਉਂਦੀ ਹੈ। ਉਹਨਾਂ ਕਚਰਾ ਪਲਾਂਟ ਦੇ ਅੰਦਰ ਹੀ ਪਾਣੀ ਦਾ ਪ੍ਰਬੰਧ ਕਰਨ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਇਸ ਸਬੰਧੀ ਜੇਕਰ ਭੱਵਿਖ ਵਿੱਚ ਲੋੜ੍ਹ ਪਈ ਤਾਂ ਕਚਰਾ ਪਲਾਂਟ ਵਿਚ ਲੱਗੇ ਐਸ.ਟੀ.ਪੀ. ਤੋਂ ਟਰੀਟ ਕੀਤਾ ਹੋਇਆ ਪਾਣੀ ਵਰਤ ਲਿਆ ਜਾਵੇਗਾ।ਸ੍ਰ: ਬਲਰਾਜ ਸਿੰਘ, ਕੌਂਸਲਰ ਨੇ ਦਸਿਆ ਕਿ ਕਚਰਾ ਪਲਾਂਟ ਵੱਲੋਂ ਹਫਤੇ ਵਿੱਚ ਦੋ ਵਾਰ ਵੇਸਟ ਕੈਮੀਕਲ ਬਾਹਰ ਸੁੱਟਿਆ ਜਾਂਦਾ ਹੈ, ਜਿਸ ਨਾਲ ਆਸ-ਪਾਸ ਬਹੁਤ ਜਿਆਦਾ ਬਦਬੂ ਹੋਣ ਕਾਰਨ ਲੋਕਾਂ ਦਾ ਜੀਉਣਾ ਦੁਭਰ ਹੋ ਜਾਂਦਾ ਹੈ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਇਸ ਸਬੰਧੀ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਹਨਾਂ ਇਸ ਸਬੰਧੀ ਨਿਗਮ ਇੰਜੀਨੀਅਰ (ਓ.ਐਂਡ ਐਮ.) ਦੀ ਡਿਊਟੀ ਲਗਾਈ।*

*ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਹੋਈ।*

**ਏਜੰਡਾ ਨੰਬਰ 1 :**

ਮੀਟਿੰਗ ਮਿਤੀ 04.06.2021 ਦੀ ਕਾਰਵਾਈ ਦੀ ਪਕਿਆਈ।

| ਮਤਾ ਨੰਬਰ 4: | ਮੀਟਿੰਗ ਮਿਤੀ 04.06.2021 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ। |
|---|---|

**ਏਜੰਡਾ ਨੰਬਰ 2 :**

ਰਿਪੋਰਟ ਵਰਕਸ ਸ਼ਾਖਾ ਕਿ ਮਾਨਯੋਗ ਵਿੱਤ ਅਤੇ ਯੋਜਨਾ ਮੰਤਰੀ ਪੰਜਾਬ ਜੀ ਦੇ ਨਿਰਦੇਸ਼ਾਂ ਮੁਤਾਬਿਕ ਰੋਜ਼ ਗਾਰਡਨ ਵਿਖੇ Multipurpose Auditorium ਬਨਾਉਣ ਖਾਤਰ ਟੈਂਡਰ ਲਗਾਉਣ ਉਪਰੰਤ M/s. Renaissance Arch Consultant Pvt. Ltd. ਨੂੰ ਤਖਮੀਨਾ ਤਿਆਰ ਕਰਨ ਖਾਤਰ ਬਤੌਰ ਕੰਸਲਟੈਂਟ ਨਿਯੁਕਤ ਕੀਤਾ ਗਿਆ ਹੈ।

ਕੰਸਲਟੈਂਟ ਵੱਲੋਂ ਕੰਮ ਦਾ ਤਖਮੀਨਾ ਮੁਬਲਿਗ 2840.17 ਲੱਖ ਰੁਪਏ ਦਾ ਤਿਆਰ ਕੀਤਾ ਗਿਆ ਹੈ। ਸਰਕਾਰ ਦੀਆਂ ਹਦਾਇਤਾਂ ਮੁਤਾਬਿਕ 5.00 ਕਰੋੜ ਤੋਂ ਵੱਧ ਰਕਮ ਦੇ ਤਖਮੀਨੇ ਦੀ ਤਕਨੀਕੀ ਪ੍ਰਵਾਨਗੀ ਤਿੰਨ ਚੀਫ ਇੰਜੀਨੀਅਰਜ਼ ਦੀ ਕਮੇਟੀ ਵੱਲੋਂ ਕੀਤੀ ਜਾਣੀ ਸੀ। ਜਿਸ ਖਾਤਰ ਨਗਰ ਨਿਗਮ ਵੱਲੋਂ ਆਪਣੇ ਪੱਤਰ ਨੰ: 508/ਵ ਮਿਤੀ 26.04.2021 ਰਾਹੀਂ ਉਕਤ ਕੰਮ ਦਾ ਤਖਮੀਨਾ ਤਕਨੀਕੀ ਪ੍ਰਵਾਨਗੀ ਖਾਤਰ ਚੀਫ ਇੰਜੀਨੀਅਰ ਜੀ ਪਾਸ ਭੇਜ ਦਿੱਤਾ ਗਿਆ ਸੀ।

ਤਿੰਨ ਚੀਫ ਇੰਜੀਨੀਅਰਜ਼ ਦੀ ਕਮੇਟੀ ਵੱਲੋਂ ਉਕਤ ਕੰਮ ਦੇ ਤਖਮੀਨੇ ਦੀ ਪ੍ਰਵਾਨਗੀ ਖਾਤਰ ਮਿਤੀ 09.06.2021 ਨੂੰ ਮੀਟਿੰਗ ਕੀਤੀ ਗਈ, ਜਿਸ ਦੇ ਮਿਨਟਸ ਆਫ ਮੀਟਿੰਗ ਉਨ੍ਹਾਂ ਵੱਲੋਂ ਆਪਣੇ ਪੱਤਰ ਨੰ: CE-2021/23974 ਮਿਤੀ 18.06.2021 ਰਾਹੀਂ ਜਾਰੀ ਕੀਤੇ ਗਏ। ਉਨ੍ਹਾਂ ਵੱਲੋਂ ਇਸ ਤਖਮੀਨੇ ਵਿੱਚ ਸੋਧ ਕਰਨ ਉਪਰੰਤ ਮੁਬਲਿਗ 2687.52 ਲੱਖ ਰੁਪਏ ਦੀ ਵੈਟਿੰਗ ਦਿੱਤੀ ਗਈ ਹੈ।

ਉਕਤ 2687.52 ਲੱਖ ਰੁਪਏ ਦਾ ਵੈਟਿਡ ਤਖਮੀਨਾ ਪ੍ਰਸ਼ਾਸਕੀ ਪ੍ਰਵਾਨਗੀ ਲਈ ਹਾਊਸ ਦੇ ਵਿਚਾਰ ਹਿੱਤ।

| ਮਤਾ ਨੰਬਰ 5: | ਪ੍ਰਵਾਨ ਹੈ। |
|---|---|

*ਉਕਤ ਸਬੰਧੀ ਮੱਦ ਵਿਚਾਰਦੇ ਸਮੇਂ ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਵਾਰਡ ਨੰਬਰ 48 ਨੇ ਪੁੱਛਿਆ ਕਿ ਇਸ ਸਬੰਧੀ ਦਿੱਤੀ ਜਾਣ ਵਾਲੀ ਕੰਸਲਟੈਂਸੀ ਫੀਸ ਕਿੰਨੀ ਹੈ? ਇਸਤੋਂ ਇਲਾਵਾ ਉਹਨਾਂ ਵੱਲੋਂ 3 ਮੈਂਬਰੀ ਕਮੇਟੀ ਵੱਲੋਂ ਕੀਤੀ ਗਈ ਮਿਨਟ ਆਫ ਮੀਟਿੰਗ ਦੀ ਕਾਪੀ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਜਲਦ ਹੀ ਉਕਤ ਸਬੰਧੀ ਰਿਪੋਰਟ ਦੇ ਦਿੱਤੀ ਜਾਵੇਗੀ।*

**ਏਜੰਡਾ ਨੰਬਰ 3 :**

ਰਿਪੋਰਟ ਵਰਕਸ ਸ਼ਾਖਾ ਕਿ ਮਾਨਯੋਗ ਵਿੱਤ ਅਤੇ ਯੋਜਨਾ ਮੰਤਰੀ ਪੰਜਾਬ ਜੀ ਵੱਲੋਂ ਆਪਣੇ ਪੱਤਰ ਨੰ: 961-962 ਮਿਤੀ 28.12.2020 ਰਾਹੀਂ ਲਿਖਿਆ ਗਿਆ ਸੀ ਕਿ ਪੰਜਾਬ ਸਰਕਾਰ ਵੱਲੋਂ ਕ੍ਰਿਸ਼ਚਨ ਦਿਵਸ ਦੇ ਮੌਕੇ ਤੇ ਫੈਸਲਾ ਕੀਤਾ ਗਿਆ ਹੈ ਕਿ ਬਠਿੰਡਾ ਸ਼ਹਿਰ ਦੇ ਨਰੂਆਣਾ ਰੋਡ ਤੇ ਤਕਰੀਬਨ 1.75 ਏਕੜ ਨਗਰ ਨਿਗਮ ਬਠਿੰਡਾ ਦੀ ਜਗ੍ਹਾ ਤੇ ਇਸਾਈ ਭਾਈਚਾਰੇ ਲਈ ਕਬਰਸਤਾਨ ਅਤੇ Community Hall ਦੀ ਉਸਾਰੀ ਲਈ 1.00 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਜਾ ਰਹੀ ਹੈ। ਉਹਨਾਂ ਵੱਲੋਂ ਚਾਹਿਆ ਗਿਆ ਸੀ ਕਿ ਕਮਿਸ਼ਨਰ, ਨਗਰ ਨਿਗਮ ਬਠਿੰਡਾ ਇਸ ਕੰਮ ਨੂੰ ਤੁਰੰਤ ਹੱਥ ਵਿੱਚ ਲੈਣ ਅਤੇ ਇਸਦੀ ਉਸਾਰੀ ਦਾ ਕੰਮ ਅਗਲੇ ਸਾਲ ਕ੍ਰਿਸ਼ਚਨ ਦਿਵਸ ਤੋਂ ਪਹਿਲਾਂ-2 ਹਰ ਹਾਲ ਵਿੱਚ ਮੁਕੰਮਲ ਕਰਨਾ ਜਰੂਰੀ ਬਣਾਇਆ ਜਾਵੇ।

ਇਸ ਪ੍ਰੋਜੈਕਟ ਲਈ ਉਹਨਾਂ ਵੱਲੋਂ ਪੰਜਾਬ ਨਿਰਮਾਣ ਸਕੀਮ ਅਧੀਨ 50.00+80.00 ਲੱਖ ਰੁਪਏ ਕੁੱਲ 1.30 ਕਰੋੜ ਰੁਪਏ ਦੀ ਗਰਾਂਟ ਜਾਰੀ ਕੀਤੀ ਜਾ ਚੁੱਕੀ ਹੈ। ਨਗਰ ਨਿਗਮ ਬਠਿੰਡਾ ਵੱਲੋਂ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਇਸ ਪ੍ਰੋਜੈਕਟ ਦਾ ਕੰਮ ਉਸਾਰੀ ਅਧੀਨ ਹੈ।

ਪੰਜਾਬ ਸਰਕਾਰ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ (ਵਿਕਾਸ ਭਵਨ) ਮੋਹਾਲੀ ਦੇ ਪੱਤਰ ਨੰ: 15/4/11 ਐਲ.ਡੀ. ਜਨਰਲ 16603-793 ਮਿਤੀ 03.07.2012 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਲਿਖਿਆ ਗਿਆ ਹੈ ਕਿ ਇਸਾਈ/ ਮੁਸਲਿਮ ਭਾਈਚਾਰੇ ਲਈ ਸ਼ਹਿਰੀ ਖੇਤਰਾਂ ਵਿੱਚੋਂ ਕਬਰਸਤਾਨ ਦਾ ਪ੍ਰਬੰਧ Punjab Municipal Act 1976 ਦੀ ਧਾਰਾ 44 ਅਧੀਨ ਨਗਰ ਨਿਗਮ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਇਸ ਲਈ ਇਹਨਾਂ ਖੇਤਰਾਂ ਵਿੱਚੋਂ ਕਬਰਸਤਾਨ ਮੁੱਹਈਆ ਕਰਵਾਉਣ ਦੀ ਜਿੰਮੇਵਾਰੀ ਅਤੇ ਇਸਤੇ ਚਾਰਦੀਵਾਰੀ ਕਰਵਾਉਣ ਦੀ ਜਿੰਮ੍ਹੇਵਾਰੀ ਨਗਰ ਨਿਗਮ ਦੀ ਹੋਵੇਗੀ।

ਨਗਰ ਨਿਗਮ ਬਠਿੰਡਾ ਕੋਲ ਡਬਵਾਲੀ ਰੋਡ ਤੇ ਕੁੱਲ 1.75 ਏਕੜ (8471 ਵਰਗ ਗਜ਼) ਜਗ੍ਹਾ ਮੋਜੂਦ ਹੈ। ਇਸ ਜਗ੍ਹਾ ਵਿੱਚੋਂ 3677 ਵਰਗ ਗਜ਼ ਜਗ੍ਹਾ ਇਸਾਈ ਭਾਈਚਾਰੇ ਦੇ ਕਬਰਸਤਾਨ, 2896 ਵਰਗ ਗਜ਼ ਜਗ੍ਹਾ ਇਸਾਈ ਕੰਮਿਊਨਿਟੀ ਹਾਲ, 1604 ਵਰਗ ਗਜ਼ ਜਗ੍ਹਾ ਨਿਗਮ ਪਾਸ ਕਿਸੇ ਹੋਰ ਮੰਤਵ ਲਈ ਅਤੇ 294 ਵਰਗ ਗਜ਼ ਜਗ੍ਹਾ ਨੂੰ ਜਾਂਦਾ ਰਸਤਾ ਚੌੜਾ ਕਰਨ ਲਈ ਤਜਵੀਜਤ ਹੈ।

ਇਸ ਸਬੰਧੀ ਨਗਰ ਨਿਗਮ ਬਠਿੰਡਾ ਦੇ ਹੁਕਮ ਨੰ: 86 ਮਿਤੀ 22.12.2020 ਰਾਹੀਂ ਪਾਸ ਕੀਤਾ ਗਿਆ ਹੈ ਕਿ ਇਸ ਜਗ੍ਹਾ ਦੀ ਮਾਲਕੀ ਨਗਰ ਨਿਗਮ ਦੀ ਰਹੇਗੀ ਅਤੇ ਇਸ ਦਾ ਰੱਖ ਰਖਾਵ ਮਸੀਹੀ/ ਇਸਾਈ ਭਾਈਚਾਰੇ ਵੱਲੋਂ ਆਪਣੇ ਪੱਧਰ ਤੇ ਕੀਤਾ ਜਾਵੇਗਾ।

ਉਪਰੋਕਤ ਨੂੰ ਮੁੱਖ ਰਖਦੇ ਹੋਏ ਨਗਰ ਨਿਗਮ ਵੱਲੋਂ ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਨੂੰ ਕੰਮਿਊਨਿਟੀ ਹਾਲ ਦੀ ਜਗ੍ਹਾ ਦੀ ਲੀਜ਼ ਮਨੀ ਨਿਰਧਾਰਤ ਕਰਨ ਲਈ ਪੱਤਰ ਨੰ: 204/ਵ ਮਿਤੀ 03.03.2021 ਲਿਖਿਆ ਗਿਆ ਸੀ। ਜਿਸਦੇ ਜਵਾਬ ਵਿੱਚ ਤਹਿਸੀਲਦਾਰ ਬਠਿੰਡਾ ਜੀ ਵੱਲੋਂ ਆਪਣੇ ਪੱਤਰ ਪਿੱਠ ਅੰਕਣ ਨੰ: 901 ਮਿਤੀ 15.04.2021 ਰਾਹੀਂ ਇਸ ਜਗ੍ਹਾ ਸਬੰਧੀ ਛਾਂਟ ਦੇ ਆਧਾਰ ਤੇ ਰਿਪੋਰਟ ਤਿਆਰ ਕਰਕੇ ਨਗਰ ਨਿਗਮ ਨੂੰ ਭੇਜੀ ਹੈ, ਜਿਸ ਮੁਤਾਬਿਕ ਉਨ੍ਹਾਂ ਵੱਲੋਂ ਪ੍ਰਤੀ ਗਜ਼ ਪ੍ਰਤੀ ਸਾਲ ਲੀਜ਼ ਮਨੀ ਮੁਬਲਿਗ 44.80 ਰੁਪਏ ਨਿਰਧਾਰਤ ਕੀਤੀ ਗਈ ਹੈ।

ਰਿਪੋਰਟ ਅਨੁਸਾਰ 44.80 ਰੁਪਏ ਪ੍ਰਤੀ ਵਰਗ ਗਜ਼ ਅਤੇ 2896 ਵਰਗ ਗਜ਼ ਜਗ੍ਹਾ ਦੀ ਲੀਜ਼ ਮਨੀ Rs. 44.80 per sq. yd x 2896 sq. yd = 1,29,740/- ਰੁਪਏ ਪ੍ਰਤੀ ਸਾਲ ਬਣਦੀ ਹੈ।

ਨਿਗਮ ਇੰਜੀਨੀਅਰ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ ਮਿਤੀ 09.06.2021 ਨੂੰ ਡਿਪਟੀ ਕਮਿਸ਼ਨਰ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਲੀਜ਼ ਰੇਟ ਫਿਕਸ ਕਰਨ ਸਬੰਧੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਫੈਸਲਾ ਹੋਇਆ ਕਿ ਇਹ ਜਗ੍ਹਾ ਨਗਰ ਨਿਗਮ ਦੀ ਹੈ। ਇਸ ਲਈ ਤਹਿਸੀਲਦਾਰ ਬਠਿੰਡਾ ਪਾਸੋਂ ਇਸ ਦੇ ਕੁਲੈਕਟਰ ਰੇਟ ਲੈ ਕੇ ਲੀਜ਼ ਮਨੀ ਨਗਰ ਨਿਗਮ ਆਪਣੇ ਪੱਧਰ ਤੇ ਫਿਕਸ ਕਰ ਲਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਸਵਾਲ ਕੀਤਾ ਕਿ "Does this include land for Burial Ground as well?"

ਇਸਤੇ ਨਿਗਮ ਇੰਜੀਨੀਅਰ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ "As reported earlier, out of total land of 8471 sq. yds. 3677 sq. yds. land has been kept for Christian Graveyard, 2896 sq. yds for Christian Community Hall, 1604 sq. yds. for other purpose in future and 294 sq. yds for road widening. So, please money for 2896 sq. yds land is only to be fixed because as per Govt. letter dated 03.07.2012, graveyard is to be made available under PMC Act 1976 Section 44 by Municipal Corporation at its own."

ਉਕਤ ਅਨੁਸਾਰ ਇਸਾਈ ਭਾਈਚਾਰੇ ਦੇ ਕੰਮਿਊਨਿਟੀ ਹਾਲ ਦੀ ਲੀਜ਼ ਮਨੀ ਫਿਕਸ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 6:** | **ਪਾਸ ਕੀਤਾ ਜਾਂਦਾ ਹੈ ਕਿ**<br>**1. ਕੰਮਿਊਨਿਟੀ ਹਾਲ ਖਾਤਰ 33 ਸਾਲਾਂ ਲਈ 24000/- ਰੁਪਏ ਸਲਾਨਾ ਲੀਜ਼ ਮਨੀ ਫਿਕਸ ਕੀਤੀ ਜਾਂਦੀ ਹੈ। ਇਸ ਲੀਜ਼ ਮਨੀ ਵਿੱਚ ਹਰ ਤਿੰਨ ਸਾਲ ਬਾਅਦ 20% ਦਾ ਵਾਧਾ ਕੀਤਾ ਜਾਵੇ।**<br>**2. ਇਸਾਈ ਭਾਈਚਾਰੇ ਦੇ ਕਬਰਸਤਾਨ ਲਈ 1/- ਰੁਪਏ ਸਲਾਨਾ ਲੀਜ਼ ਮਨੀ ਫਿਕਸ ਕੀਤੀ ਜਾਂਦੀ ਹੈ।** |

*ਉਕਤ ਮੱਦ ਤੇ ਵਿਚਾਰ ਕਰਦੇ ਸਮੇਂ ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਵਾਰਡ ਨੰਬਰ 48 ਨੇ ਪੁੱਛਿਆ ਕਿ ਉਕਤ ਦਿੱਤੀ ਜਾਣ ਵਾਲੀ ਜਗ੍ਹਾ ਨਗਰ ਨਿਗਮ ਵੱਲੋਂ ਕਿਸ ਮੰਤਵ ਲਈ ਲਿੱਤੀ ਗਈ ਸੀ? ਉਹਨਾਂ ਦਸਿਆ ਕਿ ਇਹ ਜਗ੍ਹਾ ਨਗਰ ਨਿਗਮ ਵੱਲੋਂ ਹੱਡਾ ਰੋੜੀ ਖਾਤਰ ਲਈ ਗਈ ਸੀ। ਪਰੰਤੂ ਇਸ ਜਗ੍ਹਾ ਦੇ ਨਾਲ ਕਾਲਜ ਬਣਨ ਅਤੇ ਆਬਾਦੀ ਦੇ ਵੱਧਣ ਕਾਰਨ ਇਸ ਹੱਡਾ ਰੋੜੀ ਨੂੰ ਇੱਥੋਂ ਚੁੱਕਣਾ ਪਿਆ। ਪਰ ਹੁਣ ਸ਼ਹਿਰ ਵਿੱਚ ਹੱਡਾ ਰੋੜੀ ਦਾ ਨਾ ਹੋਣਾ ਤਕਲੀਫਦੇਹ ਹੈ। ਸ਼ਹਿਰ ਵਿੱਚ ਜੱਦ ਵੀ ਕਿਸੇ ਦੇ ਦਰਵਾਜ਼ੇ ਦੇ ਸਾਹਮਣੇ ਪਸ਼ੂ ਦੀ ਮੌਤ ਹੋ ਜਾਂਦੀ ਹੈ ਤਾਂ ਸਬੰਧਤ ਘਰ ਵਾਲਿਆਂ ਨੂੰ 800-900 ਰੁਪਏ ਦੇ ਕੇ ਪਸ਼ੂ ਚੁਕਵਾਉਣਾ ਪੈਂਦਾ ਹੈ। ਉਹਨਾਂ ਮੰਗ ਕੀਤੀ ਕਿ ਹੱਡਾ ਰੋੜੀ ਲਈ ਵੀ ਜਗ੍ਹਾ ਦਾ ਪ੍ਰਬੰਧ ਕੀਤਾ ਜਾਵੇ।*

*ਸ਼੍ਰੀ ਆਤਮਾ ਸਿੰਘ, ਕੌਂਸਲਰ ਵਾਰਡ ਨੰਬਰ 40 ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਪਿਛਲੇ ਤਕਰੀਬਨ ਇੱਕ ਸਾਲ ਤੋਂ ਸੀਵਰੇਜ਼ ਬਲਾਕ ਦੀ ਸਮੱਸਿਆ ਬਣੀ ਹੋਈ ਹੈ। ਉਹਨਾਂ ਜਲਦ ਤੋਂ ਜਲਦ ਇਸ ਸਮੱਸਿਆ ਦਾ ਹੱਲ ਕਰਨ ਦੀ ਮੰਗ ਕੀਤੀ। ਇਸਤੇ ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਜਲਦ ਤੋਂ ਜਲਦ ਸਮੱਸਿਆ ਦਾ ਹੱਲ ਕੀਤਾ ਜਾਵੇ।*

*ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਵਾਰਡ ਨੰਬਰ 21 ਨੇ ਕਿਹਾ ਕਿ ਇਸਾਈ ਭਾਈਚਾਰੇ ਲਈ ਕਮਿਊਨਿਟੀ ਹਾਲ ਅਤੇ ਕਬਰਸਤਾਨ ਲਈ ਜਗ੍ਹਾ ਦੇਣ ਦਾ ਸਵਾਗਤ ਕੀਤਾ ਜਾਂਦਾ ਹੈ। ਉਹਨਾਂ ਇਹ ਵੀ ਕਿਹਾ ਕਿ ਹੱਡਾ ਰੋੜੀ ਨੂੰ ਚੁਕਣ ਸਬੰਧੀ ਲਿਆ ਗਿਆ ਫੈਸਲਾ ਗਲਤ ਸੀ। ਉਹਨਾਂ ਵੀ ਮੰਗ ਕੀਤੀ ਕਿ ਹੱਡਾ ਰੋੜੀ ਲਈ ਕਿਸੇ ਹੋਰ ਢੁਕਵੀਂ ਜਗ੍ਹਾ ਦੀ ਭਾਲ ਕੀਤੀ ਜਾਵੇ।*

*ਉਹਨਾਂ ਇਹ ਵੀ ਕਿਹਾ ਕਿ ਸ਼ਹਿਰ ਵਿੱਚ ਸਰਕਾਰੀ ਸਕੂਲਾਂ ਦਾ ਬਹੁਤ ਜਿਆਦਾ ਮੰਦਾ ਹਾਲ ਸੀ। ਪਰੰਤੂ ਅੱਜ ਕਾਂਗਰਸ ਦੀ ਸਰਕਾਰ ਸਮੇਂ ਮਾਨਯੋਗ ਵਿੱਤ ਮੰਤਰੀ, ਪੰਜਾਬ ਜੀ ਦੀ ਰਹਿਨੁਮਾਈ ਹੇਠ ਬਹੁਤ ਹੀ ਵਧੀਆ ਅਤੇ ਖੂਬਸੂਰਤ ਸਕੂਲ ਤਿਆਰ ਕੀਤੇ ਗਏ ਹਨ। ਉਹਨਾਂ ਇਸਤੇ ਮਾਨਯੋਗ ਵਿੱਤ ਮੰਤਰੀ, ਪੰਜਾਬ ਜੀ ਦਾ ਧੰਨਵਾਦ ਕੀਤਾ। ਇਸਤੇ ਹਾਊਸ ਵਿੱਚ ਮੌਜੂਦ ਕੌਂਸਲਰ ਸਾਹਿਬਾਨਾਂ ਵੱਲੋਂ ਮੇਜ਼ਾਂ ਥਪਥਪਾ ਕੇ ਤਾਇਦ ਕੀਤੀ ਗਈ।*

*ਉਹਨਾਂ ਆਪਣੇ ਵਾਰਡ ਵਿੱਚ ਸੰਗੂਆਣਾ ਟੋਬੇ ਨੂੰ ਖਤਮ ਕਰਨ ਸਬੰਧੀ ਮਾਨਯੋਗ ਵਿੱਤ ਮੰਤਰੀ, ਪੰਜਾਬ ਜੀ ਦਾ ਧੰਨਵਾਦ ਕੀਤਾ।*

*ਉਹਨਾਂ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਬਹੁਤ ਜਿਆਦਾ ਵਿਕਾਸ ਦੇ ਕੰਮ ਹੋਏ ਹਨ। ਉਹਨਾਂ ਇਸ ਸਬੰਧੀ ਮਾਨਯੋਗ ਮੇਅਰ, ਸੀਨੀਅਰ ਡਿਪਟੀ ਮੇਅਰ, ਡਿਪਟੀ ਮੇਅਰ ਅਤੇ ਕਮਿਸ਼ਨਰ ਨਗਰ ਨਿਗਮ ਬਠਿੰਡਾ ਜੀ ਦੇ ਨਾਲ-ਨਾਲ ਮਾਨਯੋਗ ਵਿੱਤ ਮੰਤਰੀ, ਪੰਜਾਬ ਜੀ ਦਾ ਧੰਨਵਾਦ ਕੀਤਾ।*

*ਉਹਨਾਂ ਦਸਿਆ ਕਿ ਗਣਪਤੀ ਕਲੋਨੀ ਦੇ ਪਿੱਛੇ ਵੀ ਕਬਰਾਂ ਬਣੀਆਂ ਹੋਈਆਂ ਹਨ। ਉਹਨਾਂ ਮੰਗ ਕੀਤੀ ਕਿ ਇਸ ਜਗ੍ਹਾ ਦੇ ਵਿਕਾਸ ਲਈ ਵੀ 1.00 ਕਰੋੜ ਰੁਪਏ ਦੀ ਰਾਸ਼ੀ ਪਾਸ ਕੀਤੀ ਜਾਵੇ। ਇਸਤੋਂ ਇਲਾਵਾ ਸ਼ਹਿਰ*

*ਵਿੱਚ ਈਦਗਾਹ ਅਤੇ ਮਦਰਸਤੇ ਵਿੱਚ ਪੜ੍ਹ ਰਹੇ ਬੱਚਿਆਂ ਦੀ ਸਹਾਇਤਾ ਲਈ 1.00 ਕਰੋੜ ਰੁਪਏ ਦੀ ਰਾਸ਼ੀ ਪਾਸ ਕੀਤੀ ਜਾਵੇ।*

*ਉਹਨਾਂ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਸ਼ਾਮਲਾਟ ਜਗ੍ਹਾ ਪਈ ਹੈ। ਉਹਨਾਂ ਇਸ ਜਗ੍ਹਾ ਤੇ ਕੰਮਿਊਨਿਟੀ ਹਾਲ ਬਨਾਉਣ ਦੀ ਮੰਗ ਕੀਤੀ। ਉਹਨਾਂ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਪੀਣ ਵਾਲੇ ਪਾਣੀ ਦੀ ਬਹੁਤ ਜਿਆਦਾ ਦਿੱਕਤ ਹੈ। ਉਹਨਾਂ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨ ਲਈ ਵਾਟਰ ਵਰਕਸ ਦਾ ਪ੍ਰਬੰਧ ਕਰਨ ਦੀ ਮੰਗ ਕੀਤੀ । ਉਹਨਾਂ ਇਹ ਵੀ ਦਸਿਆ ਕਿ ਪੁਲਿਸ ਕੁਆਟਰਾਂ ਪਾਸ ਜੋ ਪੀਣ ਵਾਲੇ ਪਾਣੀ ਦੀ ਟੈਂਕੀ ਬਣਾਈ ਗਈ ਹੈ, ਉਸਦਾ ਆਸਪਾਸ ਦੇ ਲੋਕਾਂ ਨੂੰ ਕੁੱਝ ਵੀ ਫਾਇਦਾ ਨਹੀਂ ਹੋ ਰਿਹਾ। ਇਸਤੇ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਐਸ.ਡੀ.ਓ. ਨੇ ਦਸਿਆ ਕਿ ਗਰੋਥ ਸੈਂਟਰ ਤੋਂ ਲੈ ਕੇ ਰੇਲਵੇ ਲਾਈਨ ਦੇ ਕੋਲ 16" ਪਾਣੀ ਦੀ ਪਾਈਪ ਲਾਈਨ ਪਾਈ ਜਾ ਰਹੀ ਹੈ, ਜਿਸਨੂੰ ਮਹਿਣਾ ਬਸਤੀ ਵਿੱਚ ਜੋੜਿਆ ਜਾਵੇਗਾ। ਇਸ ਨਾਲ ਇਸ ਇਲਾਕੇ ਵਿੱਚ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਹੱਲ ਹੋ ਜਾਵੇਗਾ। ਇਸਤੇ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਵੱਲੋਂ ਧੰਨਵਾਦ ਕੀਤਾ ਗਿਆ।*

**ਏਜੰਡਾ ਨੰਬਰ 4 :**

ਦਫਤਰੀ ਰਿਪੋਰਟ ਕਿ ਨਵੀਂ ਬਸਤੀ ਬਠਿੰਡਾ ਵਿਖੇ ਸੜ੍ਹਕ ਚੌੜੀ ਕਰਨ ਲਈ ਸੀਨੀਅਰ ਸੈਕੰਡਰੀ ਸਕੂਲ ਮਾਲ ਰੋਡ ਬਠਿੰਡਾ ਦੀ ਜਗ੍ਹਾ ਦੀ ਲੀਜ਼ ਮਨੀ ਫਿਕਸ ਕਰਨ ਸਬੰਧੀ ਡਾਇਰੈਕਟਰ, ਜਨਰਲ ਸਕੂਲ ਸਿੱਖਿਆ, ਪੰਜਾਬ ਜੀ ਵੱਲੋਂ ਆਪਣੇ ਪੱਤਰ ਨੰ: DPISE/22/2021-NFC.DPSE(Part-1) 2021149545 ਮਿਤੀ 06.05.2021 ਰਾਹੀਂ ਲਿਖਿਆ ਗਿਆ ਸੀ ਕਿ "ਆਪ ਦਾ ਧਿਆਨ ਪੰਜਾਬ ਸਰਕਾਰ ਮਾਲ, ਪੁਨਰਵਾਸ ਅਤੇ ਡਿਜ਼ਸਟ+ਮੈਨੇਜ਼ਮੈਂਟ ਵਿਭਾਗ (ਭੌ-ਮਾਲਿਆ ਸ਼ਾਖਾ) ਦੀ ਅਧਿਸੂਚਨਾਂ ਨੰ: 24/109-2015-ਭਮ-1/9877 ਮਿਤੀ 18.05.2016 ਵੱਲ ਦਿਵਾਉਂਦੇ ਹੋਏ ਲਿਖਿਆ ਜਾਂਦਾ ਹੈ ਕਿ The Right to Fair Compensation and Transparency in Land Acquisition, Rehabilitation and Resettlement Act, 2013 ਦੀ ਧਾਰਾ 30 ਅਧੀਨ Solatium 100% ਦੀ ਦਰ ਨਾਲ ਜੋੜ੍ਹ ਕੁੱਲ ਰਕਮ ਕੱਢੀ ਜਾਵੇ। ਇਸ ਸਬੰਧੀ ਦਫਤਰ ਵੱਲੋਂ ਆਪਣੇ ਪੱਤਰ ਨੰਬਰ 625/ਵ ਮਿਤੀ 17.05.2021 ਰਾਹੀਂ ਡਿਪਟੀ ਕਮਿਸ਼ਨਰ, ਬਠਿੰਡਾ ਜੀ ਨੂੰ ਉਕਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਲ ਰੋਡ ਬਠਿੰਡਾ ਦੀ 851 ਵਰਗ ਗਜ਼ ਜਮੀਨ ਜੋ ਕਿ ਬਠਿੰਡਾ ਸ਼ਹਿਰ ਦੇ ਨਵੀਂ ਬਸਤੀ ਇਲਾਕੇ ਵਿੱਚ ਲੰਘਦੀ ਸੜ੍ਹਕ ਨੂੰ ਚੋੜ੍ਹਾ ਕਰਨ ਲਈ ਲੋੜੀਂਦੀ ਹੈ ਦੀ ਕੀਮਤ 84,82,768/- ਰੁਪਏ ਦੇ ਨਾਲ 100% Solatium and Multiplier ਲਗਾ ਕੇ ਕੁੱਲ 1,69,65,536/- ਰੁਪਏ ਦੇ ਮੁਆਵਜੇ ਦੀ ਅਦਾਇਗੀ ਕਰਨ ਦੀ ਸਹਿਮਤੀ ਦਿੱਤੀ ਸੀ। ਜਿਸ ਸਬੰਧੀ ਮਾਨਯੋਗ ਡਿਪਟੀ ਕਮਿਸ਼ਨਰ ਜੀ ਵੱਲੋਂ ਉਕਤ ਰਾਸ਼ੀ ਦੀ ਪ੍ਰਵਾਨਗੀ ਲਈ ਸਕੱਤਰ, ਪੰਜਾਬ ਸਰਕਾਰ ਸਕੂਲ ਸਿੱਖਿਆ ਵਿਭਾਗ ਚੰਡੀਗੜ੍ਹ ਜੀ ਨੂੰ ਆਪਣੇ ਪੱਤਰ ਨੰ: 1140 ਮਿਤੀ 21.05.2021 ਰਾਹੀਂ ਲਿਖਿਆ ਗਿਆ ਸੀ।

ਹੁਣ ਹਵਾਲੇ ਅਧੀਨ ਪੱਤਰ ਰਾਹੀਂ ਮਾਨਯੋਗ ਸਕੱਤਰ, ਸਕੂਲ ਸਿੱਖਿਆ ਵਿਭਾਗ ਜੀ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਲ ਰੋਡ ਬਠਿੰਡਾ ਦੀ 851 ਵਰਗ ਗਜ਼ ਜਗ੍ਹਾ ਨਗਰ ਨਿਗਮ ਬਠਿੰਡਾ ਨੂੰ ਕੁੱਲ ਰਕਮ 1,69,65,536/- ਰੁਪਏ ਦੇ ਬਦਲੇ ਦੇਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਸੋ ਉਕਤ ਅਨੁਸਾਰ ਰਕਮ ਦੀ ਅਦਾਇਗੀ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| **ਮਤਾ ਨੰਬਰ 7:** | **ਪ੍ਰਵਾਨ ਹੈ।** |
|---|---|

**ਏਜੰਡਾ ਨੰਬਰ 5 :**

ਰਿਪੋਰਟ ਵਰਕਸ ਸ਼ਾਖਾ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮਾਲ ਰੋਡ ਬਠਿੰਡਾ ਦੀ ਜਗ੍ਹਾ ਤੇ ਮਲਟੀ ਸਟੋਰੀ ਪਾਰਕਿੰਗ ਬਣਾਈ ਜਾਣੀ ਹੈ। ਇਹ ਜਗ੍ਹਾ ਪੰਜਾਬ ਐਜੂਕੇਸ਼ਨ ਬੋਰਡ ਦੀ ਮਲਕੀਅਤ ਹੈ। ਇਹ ਜਗ੍ਹਾ 1.40 ਏਕੜ੍ਹ ਹੈ। ਇਸ ਜਗ੍ਹਾ ਉਪਰ ਪਾਰਕਿੰਗ ਬਨਾਉਣ ਵਾਸਤੇ ਨਗਰ ਨਿਗਮ ਬਠਿੰਡਾ ਵੱਲੋਂ 33 ਸਾਲਾਂ ਲਈ ਲੀਜ਼ ਤੇ ਲਿਆ ਜਾਣਾ ਹੈ। ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਵੱਲੋਂ ਆਪਣੇ ਪੱਤਰ ਨੰ: DPISE/22/2021-NFC-DPISE/2021/176056 ਮਿਤੀ 01.06.2021 ਰਾਹੀਂ ਸਿੱਖਿਆ ਵਿਭਾਗ ਦੀ ਜਗ੍ਹਾ ਨੂੰ 6,16,569/- ਰੁਪਏ ਪ੍ਰਤੀ ਏਕੜ੍ਹ ਦੇ ਹਿਸਾਬ ਨਾਲ ਸਲਾਨਾ ਲੀਜ਼ ਮਨੀ ਫਿਕਸ ਕੀਤੀ ਗਈ ਹੈ। ਪ੍ਰਤੀ ਸਾਲ 1.40 ਏਕੜ੍ਹ ਜਗ੍ਹਾ ਦੇ 8,63,196/60 ਰੁਪਏ ਬਣਦੇ ਹਨ। ਇਸ ਲਈ ਇਸ ਜਗ੍ਹਾ ਨੂੰ 33 ਸਾਲਾਂ ਲਈ ਲੀਜ਼ ਤੇ ਲੈਣ ਲਈ ਅਤੇ ਸਿੱਖਿਆ ਵਿਭਾਗ ਨੂੰ 8,63,196/60 ਰੁਪਏ ਸਲਾਨਾ ਜਮ੍ਹਾਂ ਕਰਾਉਣ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| **ਮਤਾ ਨੰਬਰ 8:** | **ਪ੍ਰਵਾਨ ਹੈ।** |
|---|---|

**ਏਜੰਡਾ ਨੰਬਰ 6 :**

ਦਫਤਰੀ ਰਿਪੋਰਟ ਕਿ ਮਾਨਯੋਗ ਮੇਅਰ ਸਾਹਿਬ ਅਤੇ ਕਮਿਸ਼ਨਰ ਸਾਹਿਬ ਲਈ ਦੋ ਨਵੀਆਂ ਇਨੋਵਾ Crysta Vx7/MT ਗੱਡੀਆ ਦੀ ਖਰੀਦ ਕੀਤੀ ਜਾਣੀ ਹੈ ਅਤੇ ਨਿਗਮ ਸਟਾਫ ਲਈ ਦੋ Electric Nexon XM.EV ਟਾਟਾ ਕੰਪਨੀ ਦੀਆਂ ਗੱਡੀਆਂ ਦੀ ਖਰੀਦ ਕੀਤੀ ਜਾਣੀ ਹੈ। ਦੋ ਇਨੋਵਾ ਅਤੇ ਦੋ ਇਲੈਕਟ੍ਰਿਕ ਗੱਡੀਆਂ ਦੀ ਖਰੀਦ ਕਰਨ ਲਈ ਕੰਪਨੀਆਂ ਪਾਸੋਂ ਕੁਟੈਂਸ਼ਨਾਂ ਪ੍ਰਾਪਤ ਕੀਤੀਆਂ ਗਈਆਂ ਹਨ, ਜਿੰਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਗੱਡੀ ਦਾ ਨਾਮ | ਮਾਡਲ ਨੰਬਰ | ਮਾਤਰਾ | ਕੁੱਲ ਕੀਮਤ (On Road) | ਕੁੱਲ ਖਰਚ |
|---|---|---|---|---|---|
| 1 | ਇਨੋਵਾ | Crysta Vx7/MT | 02 | 2442338/- | 4884676/- |
| 2 | ਇਲੈਕਟ੍ਰੀਕ | Nexon XM.EV | 02 | 1640282/- | 3280564/- |
| | ਕੁੱਲ ਜੋੜ | | | | 8165240/- |

ਕੰਪਨੀ ਵੱਲੋਂ ਪ੍ਰਾਪਤ ਹੋਈ ਕੁਟੈਸ਼ਨਾਂ ਅਨੁਸਾਰ ਦੋ ਇਨੋਵਾ ਅਤੇ ਦੋ ਇਲੈਕਟ੍ਰਿਕ ਗੱਡੀਆਂ ਦੀ ਖਰੀਦ ਕਰਨ ਤੇ ਲਗਭਗ 81,65,240/- ਰੁਪਏ ਦਾ ਖਰਚਾ ਆਉਣ ਦੀ ਸੰਭਾਂਵਨਾਂ ਹੈ। ਇਸ ਲਈ ਨਵੀਆਂ ਗੱਡੀਆਂ ਦੀ ਖਰੀਦ ਕਰਨ ਲਈ ਰਿਪੋਰਟ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 9:** | **ਪਾਸ ਕੀਤਾ ਜਾਂਦਾ ਹੈ ਕਿ ਨਵੀਂਆਂ ਗੱਡੀਆਂ ਦੀ ਖਰੀਦ ਕਰਨ ਦੀ ਬਜਾਏ ਗੱਡੀਆਂ ਕਿਰਾਏ ਤੇ ਲਈਆਂ ਜਾਣ।** |

**ਏਜੰਡਾ ਨੰਬਰ 7 :**

ਦਫਤਰੀ ਰਿਪੋਰਟ ਕਿ ਨਗਰ ਨਿਗਮ ਬਠਿੰਡਾ ਦੁਆਰਾ ਅਫਸਰਾਂ ਲਈ ਚਲਾਈਆਂ ਜਾ ਰਹੀਆਂ ਦਫਤਰ ਦੀਆਂ 6 ਗੱਡੀਆਂ ਨੂੰ ਕੰਡਮ ਕੀਤਾ ਗਿਆ ਸੀ, ਜਿਸਦੇ ਬਦਲੇ 2 ਇਨੋਵਾ ਗੱਡੀਆਂ ਮੇਅਰ ਸਾਹਿਬ ਅਤੇ ਕਮਿਸ਼ਨਰ ਸਾਹਿਬ ਲਈ ਅਤੇ 2 ਇਲੈਕਟ੍ਰਿਕ ਗੱਡੀਆਂ ਸਟਾਫ ਲਈ ਖਰੀਦ ਕਰਨ ਲਈ ਐਸਟੀਮੇਟ ਜਨਰਲ ਹਾਊਸ ਦੀ ਮੀਟਿੰਗ ਵਿੱਚ ਪਹਿਲਾਂ ਹੀ ਭੇਜੀਆ ਜਾ ਚੁੱਕੀਆਂ ਹਨ। ਹੁਣ ਨਿਗਮ ਸਟਾਫ ਲਈ 2 ਹੋਰ ਬਲੈਰੋ ਗੱਡੀਆਂ ਦੀ ਖਰੀਦ ਕੀਤੀ ਜਾਣੀ ਹੈ ਤਾਂ ਜੋ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ। ਇਸ ਲਈ 2 ਬਲੈਰੋ ਗੱਡੀਆਂ ਦੀ ਖਰੀਦ ਕਰਨ ਤੇ ਲਗਭਗ 18,54,596/- ਰੁਪਏ ਦਾ ਖਰਚਾ ਆਉਣ ਦਾ ਸੰਭਾਵਨਾਂ ਹੈ। ਇਸ ਲਈ 2 ਬਲੈਰੋ ਗੱਡੀਆਂ ਦੀ ਖਰੀਦ ਕਰਨ ਤੇ ਆਉਣ ਵਾਲੇ ਖਰਚੇ ਦੀ ਪ੍ਰਸ਼ਾਸਕੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 10:** | **ਪਾਸ ਕੀਤਾ ਜਾਂਦਾ ਹੈ ਕਿ ਨਵੀਂਆਂ ਗੱਡੀਆਂ ਦੀ ਖਰੀਦ ਕਰਨ ਦੀ ਬਜਾਏ ਗੱਡੀਆਂ ਕਿਰਾਏ ਤੇ ਲਈਆਂ ਜਾਣ।** |

**ਏਜੰਡਾ ਨੰਬਰ 8 :**

ਰਿਪੋਰਟ ਸਿਹਤ ਸ਼ਾਖਾ ਕਿ ਸੈਨੀਟੇਸ਼ਨ ਵਿਭਾਗ ਵੱਲੋਂ ਮੰਗ ਅਨੁਸਾਰ 7 Garbage Collection Vehicles with Hopper and Hydraulic Tipping System ਖਰੀਦਣ ਲਈ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਹਦਾਇਤ ਹੋਈ ਹੈ। ਨਗਰ ਨਿਗਮ ਕੋਲ ਪਹਿਲਾਂ ਵੀ 46+7 = ਕੁੱਲ 53 ਡੀਜ਼ਲ ਓਪਰੇਟਡ ਗਾਰਬੇਜ਼ ਕੁਲੈਕਸ਼ਨ ਟਿੱਪਰ ਕੰਮ ਕਰ ਰਹੇ ਹਨ। ਹੁਣ CNG Based ਗਾਰਬੇਜ਼ ਟਿੱਪਰ ਖਰੀਦਣ ਦਾ ਤਖਮੀਨਾ ਤਿਆਰ ਕੀਤਾ ਗਿਆ ਹੈ। ਇੰਨ੍ਹਾਂ 7 Garbage Collection Vehicles with Hopper and Hydraulic Tipping System with minimum capacity 2.2 cum ਦੀ ਖਰੀਦ ਕਰਨ ਤੇ ਲਗਭਗ 1@ Rs. 698248/- ਰੁਪਏ ਦੇ ਹਿਸਾਬ ਨਾਲ 7 ਟਿੱਪਰਾਂ ਤੇ ਤਕਰੀਬਨ 698248x7 = 48,86,086/- ਰੁਪਏ ਖਰਚ ਆਉਣ ਦੀ ਸੰਭਾਵਨਾਂ ਹੈ। ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 11:** | **ਪ੍ਰਵਾਨ ਹੈ।** |

*ਉਕਤ ਮੱਦ ਤੇ ਵਿਚਾਰ ਕਰਦੇ ਸਮੇਂ ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਵਾਰਡ ਨੰਬਰ 48 ਨੇ ਪੁੱਛਿਆ ਕਿ ਕੀ ਗੱਡੀਆਂ ਦਾ ਬੀਮਾ ਅਤੇ ਪ੍ਰਦੂਸ਼ਣ ਸਰਟੀਫਿਕੇਟ ਹੈ? ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਗੱਡੀਆਂ ਦਾ ਬੀਮਾ ਅਤੇ ਪ੍ਰਦੂਸ਼ਣ ਸਰਟੀਫਿਕੇਟ ਨਗਰ ਨਿਗਮ ਪਾਸ ਹੈ। ਉਹਨਾਂ ਇਹ ਵੀ ਮੰਗ ਕੀਤੀ ਕਿ ਟਿੱਪਰਾਂ ਤੇ ਰੱਖੇ ਡਰਾਈਵਰਾਂ ਦੇ ਲਾਇਸੰਸ ਚੈਕ ਕਰ ਲਏ ਜਾਣ। ਇਸਤੇ ਸਕੱਤਰ, ਨਗਰ ਨਿਗਮ ਬਠਿੰਡਾ ਨੂੰ ਹਦਾਇਤ ਕੀਤੀ ਗਈ ਕਿ ਡਰਾਈਵਰਾਂ ਦੇ ਲਾਇਸੰਸ ਚੈਕ ਕਰ ਲਏ ਜਾਣ।*

**ਏਜੰਡਾ ਨੰਬਰ 9 :**

ਦਫਤਰੀ ਰਿਪੋਰਟ ਕਿ ਸਰਕਾਰ ਵੱਲੋਂ ਪੰਜਾਬ ਪੱਧਰ ਤੇ ਸਾਰੀਆਂ ਅਰਬਨ ਲੋਕਲ ਬਾਡੀਜ਼ ਲਈ The Punjab Municipal Corporation and Municipal (Registration proper control of stray animals and compensation to the victim of animal attack) Bye-Laws 2020 ਨੋਟੀਫਾਈ ਕੀਤੇ ਗਏ ਹਨ। ਇਹਨਾਂ ਨਵੇਂ ਬਣੇ The Punjab Municipal Corporation and Municipal (Registration proper control of stray animals and compensation to the victim of animal attack) Bye-Laws 2020 ਨੂੰ ਅਪਨਾਉਣ ਉਪਰੰਤ ਬਠਿੰਡਾ ਸ਼ਹਿਰ ਵਿੱਚ ਲਾਗੂ ਕਰਵਾਉਣ ਹਿੱਤ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 12:** | **ਪਾਸ ਕੀਤਾ ਗਿਆ ਕਿ ਇਸ ਸਬੰਧੀ ਨਵੇਂ ਬਣੇ ਬਾਈਲਾਜ਼ ਦੀ ਕਾਪੀ ਹਰੇਕ ਕੌਂਸਲਰ ਸਾਹਿਬਾਨ ਨੂੰ ਮੁੱਹਈਆ ਕਰਾਈ ਜਾਵੇ। ਇਸ ਉਪਰੰਤ ਇਸ ਮੱਦ ਨੂੰ ਅਗਲੀ ਮੀਟਿੰਗ ਵਿੱਚ ਵਿਚਾਰ ਹਿੱਤ ਪੇਸ਼ ਕੀਤਾ ਜਾਵੇ। ਤੱਦ ਤੱਕ ਲਈ ਇਸ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ।** |

**ਏਜੰਡਾ ਨੰਬਰ 10 :**

ਦਫਤਰੀ ਰਿਪੋਰਟ ਕਿ ਨਗਰ ਨਿਗਮ ਬਠਿੰਡਾ ਵਿਖੇ ਨਿਗਰਾਨ ਇੰਜੀਨੀਅਰ (ਸਿਵਲ) ਦੀਆਂ 2 ਆਸਾਮੀਆਂ ਪ੍ਰਵਾਨਤ ਹਨ। ਇਹਨਾਂ ਵਿਚੋਂ ਇੱਕ ਆਸਾਮੀ ਲੰਬੇ ਸਮੇਂ ਤੋਂ ਖਾਲੀ ਹੈ। ਨਗਰ ਨਿਗਮ ਬਠਿੰਡਾ ਵਿਖੇ ਸਿਵਲ ਦੀਆ ਹੇਠ ਲਿਖੇ ਅਨੁਸਾਰ ਆਸਾਮੀਆ ਪ੍ਰਵਾਨਤ ਅਤੇ ਭਰੀਆ ਹੋਈਆਂ ਹਨ

| ਲੜੀ ਨੰ: | ਆਸਾਮੀ ਦਾ ਨਾਮ | ਪ੍ਰਵਾਨਤ ਆਸਾਮੀਆਂ | ਭਰੀਆ ਆਸਾਮੀਆਂ | ਖਾਲੀ ਆਸਾਮੀਆਂ |
|---|---|---|---|---|
| 1 | ਨਿਗਰਾਨ ਇੰਹਜੀਨੀਅਰ | 2 | 1 | 1 |
| 2 | ਨਿਗਮ ਇੰਜੀਨੀਅਰ | 2 | 2 | – |
| 3 | ਸਹਾਇਕ ਨਿਗਮ ਇੰਜੀਨੀਅਰ | 6 | 3 | 3 |
| 4 | ਜੂਨੀਅਰ ਇੰਜੀਨੀਅਰ | 8 | 5 | 3 |

ਜੇਕਰ ਇਕ ਨਿਗਰਾਨ ਇੰਜੀਨੀਅਰ ਹੋਰ ਤਾਇਨਾਤ ਹੁੰਦਾ ਹੈ ਤਾਂ ਉਸਦੇ ਨਾਲ ਇਹਨਾਂ ਹੀ ਸਟਾਫ ਲੋੜੀਂਦਾ ਜਾਵੇਗਾ। ਜਿਸ ਨਾਲ ਅਮਲੇ ਤੇ ਸਾਲ ਦਾ ਲਗਭਗ 1.50 ਕਰੋੜ ਰੁਪਏ ਦਾ ਵਾਧੂ ਖਰਚਾ ਆਉਣ ਦੀ ਸੰਭਾਵਨਾ ਹੈ। ਵਰਨਣਯੋਗ ਹੈ ਕਿ ਸਰਕਾਰ ਵਲੋਂ ਪਾਸ ਕੀਤੇ ਸਾਲ 2021-22 ਦੇ ਬਜਟ ਵਿਚ ਨਿਗਰਾਨ ਇੰਜੀਨੀਅਰ ਦੀ ਖਾਲੀ ਆਸਾਮੀ ਵਿਰੁੱਧ 19.38 ਲੱਖ ਰੁਪਏ ਦਾ ਖਰਚਾ ਪ੍ਰਵਾਨ ਨਹੀਂ ਕੀਤਾ ਗਿਆ। ਅੱਗੇ ਬੇਨਤੀ ਹੈ ਕਿ ਫਿਲਹਾਲ ਜੋ ਵਿਕਾਸ ਦੇ ਕੰਮ ਚਲ ਰਹੇ ਹਨ ਉਹਨਾਂ ਵਿਚ ਕਿਸੇ ਕਿਸਮ ਦੀ ਕੋਈ ਦਿੱਕਤ ਧਿਆਨ ਵਿਚ ਨਹੀਂ ਆਈ। ਇਸ ਲਈ ਨਿਗਰਾਨ ਇੰਜੀਨੀਅਰ (ਸਿਵਲ) ਦੀ ਇੱਕ ਆਸਾਮੀ ਖਤਮ ਕਰਕੇ 2 ਜੂਨੀਅਰ ਇੰਜੀਨੀਅਰ (ਸਿਵਲ) ਦੀਆਂ ਆਸਾਮੀਆਂ ਦੀ ਰਚਨਾ ਕਰਨ ਲਈ ਹਾਊਸ ਦੇ ਵਿਚਾਰ ਹਿੱਤ ਰਿਪੋਰਟ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 13:** | **ਨਿਗਰਾਨ ਇੰਜੀਨੀਅਰ (ਸਿਵਲ) ਦੀ ਦੂਜੀ ਪ੍ਰਵਾਨਤ ਆਸਾਮੀ ਰੱਦ ਕਰਨਾ ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਸ਼ਹਿਰ ਦੇ ਹਿਸਾਬ ਨਾਲ ਜੂਨੀਅਰ ਇੰਜੀਨੀਅਰਜ਼ ਦੀ ਗਿਣਤੀ ਘੱਟ ਹੈ। ਇਸ ਲਈ ਦੋ ਹੋਰ ਜੂਨੀਅਰ ਇੰਜੀਨੀਅਰ ਦੀਆਂ ਆਸਾਮੀਆਂ ਦੀ ਰਚਨਾ ਕੀਤੀ ਜਾਂਦੀ ਹੈ।** |

**ਏਜੰਡਾ ਨੰਬਰ 11 :**

ਦਫਤਰੀ ਰਿਪੋਰਟ ਕਿ ਮਾਨਯੋਗ ਵਿੱਤ ਅਤੇ ਯੋਜਨਾ ਮੰਤਰੀ ਪੰਜਾਬ ਜੀ ਦੇ ਪੱਤਰ ਨੰ 406 .ਮਿਤੀ 25.05.2021ਰਾਹੀਂ ਨਿਰਦੇਸ਼ ਕੀਤੇ ਹਨ ਕਿ ਨਗਰ ਨਿਗਮ ਵੱਲੋਂ ਅਮਰਪੁਰਾ ਬਸਤੀ ਬਠਿੰਡਾ ਵਿਖੇ ਛੱਪੜ ਵਾਲੀ ਜਗ੍ਹਾ ਨੂੰ ਵਕਫ ਬੋਰਡ ਤੋਂ ਲੀਜ਼ ਤੇ ਲੈ ਕੇ ਪਾਰਕ ਡਿਵੈਲਪ ਕੀਤਾ ਜਾਵੇ। ਇਸ ਸਬੰਧੀ ਡਿਪਟੀ ਕਮਿਸ਼ਨਰ, ਬਠਿੰਡਾ ਜੀ ਨੂੰ ਨਗਰ ਨਿਗਮ ਦੇ ਦਫਤਰ ਦੇ ਪੱਤਰ ਨੰ 1461 .ਮਿਤੀ 03.06.2021ਰਾਹੀਂ ਵਕਫ ਬੋਰਡ ਦੇ ਅਧਿਕਾਰੀ ਅਤੇ ਨਗਰ ਨਿਗਮ, ਬਠਿੰਡਾ ਦੇ ਅਧਿਕਾਰੀਆਂ ਨਾਲ ਜੁਆਇੰਟ ਮੀਟਿੰਗ ਰਖਣ ਲਈ ਬੇਨਤੀ ਕੀਤੀ ਗਈ ਸੀ। ਇਸ ਤੋਂ ਬਾਅਦ ਤਹਿਸੀਲਦਾਰ,ਬਠਿੰਡਾ ਜੀ ਵੱਲੋਂ ਪੱਤਰ ਨੰਬਰ 1290ਮਿਤੀ 04.05.2021ਰਾਹੀਂ ਕੁਲੈਕਟਰ ਰੇਟ ਭੇਜੇ ਗਏ (ਪੱਤਰ ਨਾਲ ਨੱਥੀ )ਮਾਨਯੋਗ ਡਿਪਟੀ ਕਮਿਸ਼ਨਰ,ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਹੋਈ ਮਿਤੀ 09.06.2021ਨੂੰ ਮੀਟਿੰਗ ਵਿੱਚ/1200/- ਰੁਪਏ ਪ੍ਰਤੀ ਗਜ਼ ਦੇ ਹਿਸਾਬ ਨਾਲ ਕੀਮਤ ਤੈਅ ਕਰਕੇ ਵਕਫ ਬੋਰਡ ਦੇ ਨੋਟੀਫਿਕੇਸ਼ਨ ਅਨੁਸਾਰ 3.12 ਏਕੜ ਜਮੀਨ ਦੀ ਕੁੱਲ ਕੀਮਤ 2ਪ੍ਰਤੀਸ਼ਤ ਲਗਾਕੇ ਮੁਬ 3,63,648 :ਰੁਪਏ ਸਲਾਨਾ ਨਿਸ਼ਚਿਤ ਕੀਤੀ ਗਈ ਹੈ। ਉੱਕਤ ਜਗ੍ਹਾ ਦੇ ਜੋ ਲੀਜ਼ ਮਨੀ ਫਿਕਸ ਕੀਤੀ ਗਈ ਹੈ ,ਉਹ ਹੇਠ ਲਿਖੇ ਅਨੁਸਾਰ ਹੈ।

| | | |
|---|---|---|
| Fixed Lease Money (3.12 ਏਕੜ ਜਗ੍ਹਾ)( | = | ਰੁਪਏ 3,63,648 |
| NOC Fee | = | 5,000 |
| Application Fee | = | 50,000 |
| Total Part-1 | = | 4,18,648 |
| Payment of the security Deposit | = | 3,63648 x11/12 |
| Part-2 | = | 3,33,344 |
| Total Amount (Part-1+Part-2) | = | 4,18,648+3,33,344 |
| | = | 7,51,992/- ਰੁਪਏ |

ਉਕਤ ਵਕਫ ਬੋਰਡ ਦੀ ਜਮੀਨ ਨੂੰਲੀਜ਼ ਤੇ ਲੈਣ ਅਤੇ ਲੀਜ਼ ਮਨੀ ਦੀ ਅਦਾਇਗੀ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 14:** | **ਪ੍ਰਵਾਨ ਹੈ।** |

ਸ੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਵਾਰਡ ਨੰਬਰ 10 ਨੇ ਕਿਹਾ ਕਿ ਜੇਕਰ ਛੱਪੜ੍ਹ ਵਾਲੀ ਜਗ੍ਹਾ ਵਿੱਚ ਪਾਰਕ ਬਣਾਇਆ ਜਾਂਦਾ ਹੈ ਤਾਂ ਬਰਸਾਤਾਂ ਦੋਰਾਨ ਪਾਣੀ ਟੋਭੇ ਵਿੱਚ ਨਾ ਜਾ ਕੇ ਸ਼ਹਿਰ ਵਿੱਚ ਭਰ ਜਾਵੇਗਾ। ਉਹਨਾਂ ਇਸ ਸਬੰਧੀ ਹੋਰ ਜਗ੍ਹਾ ਲੀਜ਼ ਤੇ ਲੈਣ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਦਸਿਆ ਕਿ ਬਾਰਸ਼ ਦਟ ਪਾਣੀ ਦੀ ਨਿਕਾਸੀ ਖਾਤਰ 10 ਏਕੜ੍ਹ ਜਗ੍ਹਾ ਅਲਗ ਤੋਂ ਹੋਰ ਡੂੰਘੀ ਕਰਕੇ ਵਾਟਰਬਾਡੀ ਬਣਾਈ ਗਈ ਹੈ।

**ਏਜੰਡਾ ਨੰਬਰ 12 :**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਮੰਡਲ ਨੰ: 1 ਵੱਲੋਂ ਉਹਨਾਂ ਦੇ ਪੱਤਰ ਨੰ: 1969 ਮਿਤੀ 04.05.2021 ਰਾਹੀਂ ਤਖਮੀਨਾ 937.27 ਲੱਖ ਰੁਪਏ ਸਲਾਨਾ ਦੇਖਭਾਲ ਵਾਟਰ ਸਪਲਾਈ ਅਤੇ ਸੀਵਰੇਜ਼ ਸਕੀਮ ਬਾਬਤ ਸਾਲ 2021-22 (01.04.2021 ਤੋਂ 31.03.2022) ਤੱਕ ਲੋੜੀਂਦੇ ਫੰਡਜ਼ ਦੀ ਮੰਗ ਕੀਤੀ ਹੈ। ਵਾਟਰ ਸਪਲਾਈ ਅਤੇ ਸੀਵਰੇਜ਼ ਦਾ ਕੰਮ ਉਹਨਾਂ ਦੇ ਵਿਭਾਗ ਵੱਲੋਂ ਨਗਰ ਨਿਗਮ ਬਠਿੰਡਾ ਦੇ ਬਿਹਾਫ ਤੇ ਮੈਨਟੇਨ ਕੀਤਾ ਜਾਂਦਾ ਹੈ। ਕੋਈ ਵੀ ਅਦਾਇਗੀ ਪ੍ਰਸ਼ਾਸਕੀ ਪ੍ਰਵਾਨਗੀ ਪ੍ਰਾਪਤ ਕਰਨ ਤੋਂ ਬਾਅਦ ਹੀ ਕੀਤੀ ਜਾ ਸਕਦੀ ਹੈ। ਇਸ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| **ਮਤਾ ਨੰਬਰ 15:** | **ਪ੍ਰਵਾਨ ਹੈ।** |
|---|---|

**ਏਜੰਡਾ ਨੰਬਰ 13 :**

ਦਫਤਰੀ ਰਿਪੋਰਟ ਕਿ ਨਗਰ ਨਿਗਮ ਵਿਖੇ ਤਰਸ ਦੇ ਆਧਾਰ ਤੇ ਹੇਠ ਲਿਖੇ ਅਨੁਸਾਰ ਕਰਮਚਾਰੀਆਂ ਦੇ ਕੇਸਾਂ ਤੇ ਵਿਚਾਰ ਕੀਤਾ ਜਾਣਾ ਹੈ:-

**1.**

ਦਫਤਰੀ ਰਿਪੋਰਟ ਕਿ ਸ੍ਰੀਮਤੀ ਸਿੰਦਰੋ ਪਤਨੀ ਚਨੂੰ ਰਾਮ, ਨਗਰ ਨਿਗਮ ਬਠਿੰਡਾ ਵਿਖੇ ਬਤੋਰ ਸਫਾਈ ਸੇਵਿਕਾ ਕੰਮ ਕਰਦੀ ਸੀ । ਜਿਸ ਦੀ ਮਿਤੀ 29.10.2020 ਨੂੰ ਕਰੋਨਾ ਕਾਰਣ ਮੌਤ ਹੋ ਗਈ ਸੀ । ਮ੍ਰਿਤਕ ਕਰਮਚਾਰਨ ਦੇ ਪੁੱਤਰ ਸ੍ਰੀ ਰੋਹਤਾਸ਼ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੀ ਮਾਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਰੋਹਤਾਸ਼ ਦੇ ਪਿਤਾ ਸ੍ਰੀ ਚਨੂੰ ਰਾਮ ਦੀ ਮੋਤ ਮਿਤੀ 13.08.1990 ਨੂੰ ਹੋ ਚੁੱਕੀ ਹੈ। ਮੋਤ ਦਾ ਸਰਟੀਫਿਕੇਟ ਨਾਲ ਨੱਥੀ ਹੈ। ਸ੍ਰੀ ਰੋਹਤਾਸ਼ ਵਲੋ ਪੇਸ਼ ਹਲਫਿਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਹ ਆਪਣੇ ਸਵਰਗਵਾਸੀ ਮਾਤਾ ਪਿਤਾ ਇਕਲੋਤਾ ਵਾਰਸ ਹੈ। ਉਸਦਾ ਕੋਈ ਭੈਣ/ਭਰਾ ਨਹੀਂ ਹੈ। ਹਲਫੀਆ ਬਿਆਨ ਅਨੁਸਾਰ ਸ੍ਰੀ ਰੋਹਤਾਸ਼ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਉਸ ਕੋਲ 50 ਗਜ ਦਾ ਆਪਣਾ ਮਕਾਨ ਪਟਿਆਲਾ ਫਾਟਕ ਗਲੀ ਨੰ: 5 ਵਿਖੇ ਹੈ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀ ਹੈ ਅਤੇ ਇਹਨਾਂ ਦੇ ਘਰ ਵਿਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ-ਸਰਕਾਰੀ ਨੋਕਰੀ ਨਹੀ ਕਰਦਾ ਹੈ। ਹਲਫੀਆ ਬਿਆਨ ਅਨੁਸਾਰ ਸ੍ਰੀ ਰੋਹਤਾਸ਼ ਪੜਨਾ ਲਿਖਣਾ ਜਾਣਦਾ ਹੈ ਅਤੇ ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 06.08.1989 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁੱਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁੱਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿੱਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਿਗਮ ਪਾਸ ਹੈ। ਇਸ ਲਈ ਸ੍ਰੀ ਰੋਹਤਾਸ਼ ਨੂੰ ਉਸਦੀ ਮਾਤਾ ਸਿੰਦਰੋ ਪਤਨੀ ਚਨੂੰ ਰਾਮ ਸਫਾਈ ਸੇਵਿਕਾ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਕ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

**2 :**

ਦਫਤਰੀ ਰਿਪੋਰਟ ਕਿ ਸਵ: ਸ੍ਰੀ ਰੋਸ਼ਨ ਪੁੱਤਰ ਪ੍ਰੇਮ, ਨਗਰ ਨਿਗਮ ਬਠਿੰਡਾ ਵਿਖੇ ਬਤੋਰ ਸਫਾਈ ਸੇਵਕ ਕੰਮ ਕਰਦਾ ਸੀ । ਇਸ ਦੀ ਮਿਤੀ 25.11.2017 ਨੂੰ ਮੌਤ ਹੋ ਗਈ ਸੀ । ਇਸ ਦੀ ਪਤਨੀ ਸ੍ਰੀਮਤੀ ਜੋਤੀ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਤੀ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਮ੍ਰਿਤਕ ਵੱਲੋਂ ਗਰੈਚੂਟੀ ਅਤੇ ਲੀਵ-ਇਨਕੈਸ਼ਮੈਂਟ ਦਾ ਨੋਮੀਨੇਸ਼ਨ ਆਪਣੀ ਪਤਨੀ ਸ੍ਰੀਮਤੀ ਜੋਤੀ ਦੇ ਨਾਮ ਤੇ ਕੀਤਾ ਹੋਇਆ ਸੀ। ਸ੍ਰੀਮਤੀ ਜੋਤੀ ਪਤਨੀ ਸ੍ਰੀ ਰੋਸ਼ਨ ਵੱਲੋਂ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸਦਾ ਇਕ ਬੇਟਾ ਵੀਰ ਅਤੇ ਦੋ ਬੇਟੀਆਂ ਮਾਂਸ਼ੂ ਅਤੇ ਅੰਜਲੀ ਹਨ, ਪ੍ਰਾਰਥੀ ਵੱਲੋਂ ਇਹ ਵੀ ਲਿਖਿਆ ਗਿਆ ਹੈ ਕਿ ਉਸਦੇ ਪਤੀ ਦੇ ਬਣਦੇ ਬਕਾਇਆ ਦੀ ਮਿਲੀ ਰਾਸ਼ੀ ਬੈਂਕ ਲੋਨ ਅਤੇ ਹੋਰ ਕਰਜ਼ਿਆਂ ਵਿਚ ਚਲੀ ਗਈ ਹੈ।ਹਲਫੀਆ ਬਿਆਨ ਅਨੁਸਾਰ ਸ੍ਰੀਮਤੀ ਜੋਤੀ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਹਲਫੀਆ ਬਿਆਨ ਅਨੁਸਾਰ ਸ੍ਰੀਮਤੀ ਜੋਤੀ ਪੜਨਾ ਲਿਖਣਾ ਜਾਣਦੀ ਹੈ ਪਰੰਤੂ ਉਸ ਪਾਸ ਪੜਾਈ ਸਬੰਧੀ ਕੋਈ ਸਬੂਤ ਨਹੀਂ ਹੈ ਅਤੇ ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 01.01.1985 ਹੈ। ਉਸਨੇ ਇਹ ਵੀ ਲਿਖਿਆ ਹੈ ਕਿ ਉਹ ਆਪਣੇ ਤਿੰਨੋ ਬੱਚਿਆਂ ਦਾ ਪਾਲਣ ਪੋਸ਼ਣ ਕਰਨ ਦੀ ਪਾਬੰਦ ਹੋਵੇਗੀ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ

11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ।

ਰਿਪੋਰਟ ਹੈ ਕਿ ਸ਼੍ਰੀ ਰੋਸ਼ਨ ਪੁੱਤਰ ਸ਼੍ਰੀ ਪ੍ਰੇਮ ਦੀ ਮੋਤ ਮਿਤੀ 25.11.2017 ਨੂੰ ਹੋਈ ਸੀ। ਉਸ ਸਮੇਂ ਕੇਸ ਤਰਸ ਦੇ ਆਧਾਰ ਤੇ ਨੋਕਰੀ ਲਈ ਭੇਜਿਆ ਗਿਆ ਸੀ। ਕੇਸ ਮਾਨਯੋਗ ਮੇਅਰ ਸਾਹਿਬ ਵੱਲੋਂ 02.11.2018 ਨੂੰ ਹਾਊਸ ਵਿੱਚ ਭੇਜਿਆ ਗਿਆ ਸੀ। ਪਰੰਤੂ ਕੇਸ ਹਾਊਸ ਵਿੱਚ ਨਹੀਂ ਲਗਿਆ। ਇਸ ਬਾਰੇ ਦਫਤਰ ਵਿੱਚ ਪੁੱਛ ਪੜਤਾਲ ਕਰਨ ਤੇ ਇਹ ਤੱਥ ਸਾਹਮਣੇ ਆਇਆ ਹੈ ਕਿ ਜਦੋਂ ਸਬ-ਕਮੇਟੀ ਵਿੱਚ ਕੇਸ ਵਿਚਾਰਿਆ ਜਾਣਾ ਸੀ ਤਾਂ ਦਰਖਾਸਤਕਰਤਾ ਸਬ-ਕਮੇਟੀ ਸਾਹਮਣੇ ਪੇਸ਼ ਨਹੀਂ ਹੋਇਆ। ਇਸ ਲਈ ਕੇਸ ਪੈਡਿੰਗ ਰਹਿ ਗਿਆ। ਰਿਕਾਰਡ ਅਨੁਸਾਰ ਦਰਖਾਸਤਕਰਤਾ ਜੋਤੀ ਤੋਂ ਇਲਾਵਾ ਪਰਿਵਾਰ ਵਿੱਚ ਹੋਰ ਕੋਈ ਬਾਲਗ ਮੈਂਬਰ ਨਹੀਂ ਹੈ। ਜੋਤੀ ਦੀ ਵਿਦਿਅਕ ਯੋਗਤਾ ਪੜ੍ਹ ਲਿਖ ਸਕਦੀ ਹੈ। ਇਸਦੀ ਜਨਮ ਮਿਤੀ 01.01.1985 ਹੈ। ਕੇਸ ਤਰਸ ਦੇ ਆਧਾਰ ਤੇ ਨੋਕਰੀ ਲਈ ਫਿੱਟ ਜਾਪਦਾ ਹੈ। ਇਸ ਲਈ ਸ਼੍ਰੀਮਤੀ ਜੋਤੀ ਨੂੰ ਉਸਦੇ ਪਤੀ ਸ਼੍ਰੀ ਰੋਸ਼ਨ ਪੁੱਤਰ ਪ੍ਰੇਮ, ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

**3 :**

ਦਫਤਰੀ ਰਿਪੋਰਟ ਕਿ ਸ਼੍ਰੀ ਰਾਜਿੰਦਰ ਪੁੱਤਰ ਚਰਨ ਦਾਸ ਜਨਮ ਮਿਤੀ 26.09.1975 ਨਗਰ ਨਿਗਮ ਬਠਿੰਡਾ ਵਿਖੇ ਬਤੋਰ ਸਫਾਈ ਸੇਵਕ ਕੰਮ ਕਰਦਾ ਸੀ । ਜਿਸ ਦੀ ਮਿਤੀ 28.01.2020 ਨੂੰ ਮੌਤ ਹੋ ਗਈ ਸੀ । ਮ੍ਰਿਤਕ ਕਰਮਚਾਰੀ ਦੀ ਪਤਨੀ ਸ਼੍ਰੀਮਤੀ ਕੰਚਨ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਤੀ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਕੰਚਨ ਪਤਨੀ ਸਵ: ਰਾਜਿੰਦਰ ਵੱਲੋ ਪੇਸ਼ ਹਲਫਿਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਇਕ ਪੁੱਤਰ ਦੇਵਰਾਜ ਅਤੇ ਇਕ ਪੁੱਤਰੀ ਪਾਇਲ ਹਨ। ਪੁੱਤਰੀ ਪਾਇਲ ਵਿਆਹੀ ਹੋਈ ਹੈ ਅਤੇ ਪੁੱਤਰ ਦੇਵਰਾਜ ਨਾ-ਬਾਲਗ ਹੈ। ਇਨ੍ਹਾਂ ਨੇ ਕੰਚਨ ਪਤਨੀ ਸਵ: ਰਾਜਿੰਦਰ ਦੇ ਹਕ ਵਿਚ ਇਤਰਾਜਹੀਨਤਾ ਹਲਫੀਆ ਬਿਆਨ ਦਿੱਤਾ ਹੈ ਕਿ ਉਸਨੂੰ ਸਫਾਈ ਸੇਵਕ ਦੀ ਨੋਕਰੀ ਤੇ ਰੱਖਿਆ ਜਾਵੇ। ਹਲਫੀਆ ਬਿਆਨ ਅਨੁਸਾਰ ਕੰਚਨ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਹਲਫੀਆ ਬਿਆਨ ਅਨੁਸਾਰ ਕੰਚਨ ਕੋਲ ਇਕ 70 ਗਜ ਦਾ ਮਕਾਨ ਗਲੀ ਨੰ: 29, ਪਰਸਰਾਮ ਨਗਰ ਵਿਖੇ ਹੈ, ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀ ਹੈ ਅਤੇ ਇਹਨਾਂ ਦੇ ਘਰ ਵਿਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ-ਸਰਕਾਰੀ ਨੋਕਰੀ ਨਹੀ ਕਰਦਾ ਹੈ। ਹਲਫੀਆ ਬਿਆਨ ਅਨੁਸਾਰ ਸ਼੍ਰੀਮਤੀ ਕੰਚਨ ਆਪਣੇ ਬੱਚਿਆਂ ਦੀ ਦੇਖਭਾਲ ਕਰਨ ਦਾ ਪਾਬੰਦ ਹੋਵੇਗੀ। ਹਲਫੀਆ ਬਿਆਨ ਅਨੁਸਾਰ ਉਸਦੀ ਜਨਮ ਮਿਤੀ 01.01.1983 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀਮਤੀ ਕੰਚਨ ਨੂੰ ਉਸਦੇ ਪਤੀ ਸਵ: ਰਾਜਿੰਦਰ ਪੁੱਤਰ ਚਰਨ ਦਾਸ ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਲਈ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

**4 :**

ਦਫਤਰੀ ਰਿਪੋਰਟ ਕਿ ਸਵ: ਸ਼੍ਰੀਮਤੀ ਰਾਜ ਰਾਣੀ ਪਤਨੀ ਵੇਦ ਪ੍ਰਕਾਸ਼, ਨਗਰ ਨਿਗਮ ਬਠਿੰਡਾ ਵਿਖੇ ਬਤੋਰ ਸਫਾਈ ਸੇਵਿਕਾ ਕੰਮ ਕਰਦੀ ਸੀ । ਜਿਸ ਦੀ ਮਿਤੀ 02.08.2020 ਨੂੰ ਮੌਤ ਹੋ ਗਈ ਸੀ। ਮ੍ਰਿਤਕ ਕਰਮਚਾਰਨ ਦੇ ਪੁੱਤਰ ਸ਼੍ਰੀ ਦੀਪਕ ਕੁਮਾਰ ਪੁੱਤਰ ਸਵ: ਵੇਦ ਪ੍ਰਕਾਸ਼ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੀ ਮਾਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਦੀਪਕ ਕੁਮਾਰ ਪੁੱਤਰ ਸਵ: ਵੇਦ ਪ੍ਰਕਾਸ਼ ਵਲੋ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀਆਂ ਤਿੰਨ ਭੈਣਾ ਅਤੇ ਇਕ ਭਰਾ ਹੈ। ਹਲਫੀਆ ਬਿਆਨ ਅਨੁਸਾਰ ਤਿੰਨੋ ਭੈਣਾ ਵਿਆਹੇ ਹੋਏ ਹਨ ਅਤੇ ਇਕ ਭਰਾ ਛੋਟਾ ਹੈ। ਸ਼੍ਰੀ ਦੀਪਕ ਕੁਮਾਰ ਆਪਣੇ ਛੋਟੇ ਭਰਾ ਨਾਲ ਆਪਣੀ ਮਾਤਾ ਕੋਲ ਅੱਲਗ ਕਿਰਾਏ ਦੇ ਮਕਾਨ ਵਿਚ ਰਹਿੰਦੇ ਸਨ। ਇਸ ਦੇ ਪਿਤਾ ਦੀ ਮੋਤ ਮਿਤੀ 01.04.2018 ਨੂੰ ਹੋ ਗਈ ਸੀ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਸ ਦੇ ਭੈਣਾਂ ਅਤੇ ਭਰਾ ਵੱਲੋਂ ਇਤਰਾਜਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੀ ਦੀਪਕ ਕੁਮਾਰ ਨੂੰ ਤਰਸ ਦੇ ਅਧਾਰ ਤੇ ਉਸਦੀ ਮਾਤਾ ਦੀ

ਨੌਕਰੀ ਦਿੱਤੀ ਜਾਵੇ। ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 09.10.1990 ਹੈ। ਸ਼੍ਰੀ ਦੀਪਕ ਕੁਮਾਰ ਪੁੱਤਰ ਸਵ: ਵੇਦ ਪ੍ਰਕਾਸ਼ ਬਾਰਵੀਂ ਜਮਾਤ ਪਾਸ ਹੈ।

ਇਸ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਪੁੱਛਿਆ ਗਿਆ ਕਿ "Was job on compassionate grounds given earlier at the time of Sh. Ved Parkash's demise" ?

ਇਸਤੇ ਰਿਪੋਰਟ ਕੀਤੀ ਗਈ ਕਿ ਇਸ ਕੇਸ ਸਬੰਧੀ ਦਰਖਾਸਤਕਰਤਾ ਵੱਲੋਂ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਉਸਦੇ ਪਿਤਾ ਸ਼੍ਰੀ ਵੇਦ ਪ੍ਰਕਾਸ਼ ਰੇਲਵੇ ਵਿਭਾਗ ਵਿੱਚ ਨੌਕਰੀ ਕਰਦੇ ਸੀ, ਜਿੰਨ੍ਹਾਂ ਦੀ ਰਿਟਾਇਰਮੈਂਟ ਮਿਤੀ 31.01.2014 ਨੂੰ ਹੋਣ ਉਪਰੰਤ ਮਿਤੀ 01.04.2018 ਨੂੰ ਮੌਤ ਹੋ ਗਈ ਸੀ। ਇਸ ਲਈ ਉਸਦੇ ਪਿਤਾ ਦੀ ਨੌਕਰੀ ਉਸਦੇ ਕਿਸੇ ਪਰਿਵਾਰ ਦੇ ਮੈਂਬਰ ਨੂੰ ਨਹੀਂ ਮਿਲੀ ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਹ ਕੇਸ ਨੌਕਰੀ ਲਈ ਫਿਟ ਜਾਪਦਾ ਹੈ। ਇਸ ਲਈ ਸ਼੍ਰੀ ਦੀਪਕ ਕੁਮਾਰ ਨੂੰ ਉਸਦੀ ਮਾਤਾ ਸਵ: ਰਾਜ ਰਾਣੀ ਪਤਨੀ ਸਵ: ਵੇਦ ਪ੍ਰਕਾਸ਼ ਸਫਾਈ ਸੇਵਿਕਾ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

**5 :**

ਦਫਤਰੀ ਰਿਪੋਰਟ ਕਿ ਸ਼੍ਰੀ ਸੋਮ ਪੁੱਤਰ ਕਿਸ਼ਨ ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ । ਜਿਸ ਦੀ ਮਿਤੀ 28.08.2019 ਨੂੰ ਮੌਤ ਹੋ ਗਈ ਸੀ । ਮ੍ਰਿਤਕ ਕਰਮਚਾਰੀ ਦੇ ਪੁੱਤਰ ਰਿੰਕੂ ਕੁਮਾਰ ਨੇ ਮਿਤੀ **13.11.2019** ਨੂੰ ਦਰਖਾਸਤ ਰਾਂਹੀ ਬੇਨਤੀ ਕੀਤੀ ਸੀ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਇਸ ਕੇਸ ਦੀ ਤਰਸ ਦੇ ਆਧਾਰ ਤੇ ਨੋਕਰੀ ਸਬੰਧੀ ਕਾਰਵਾਈ ਚਲ ਰਹੀ ਸੀ। ਹੁਣ ਮ੍ਰਿਤਕ ਕਰਮਚਾਰੀ ਦੀ ਪਤਨੀ ਲਛਮੀ ਦੇਵੀ ਵਿਧਵਾ ਸੋਮ ਨੇ **ਮਿਤੀ 04.09.2020 ਨੂੰ** ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਮੇਰਾ ਵੱਡਾ ਬੇਟਾ ਰਿੰਕੂ ਕੁਮਾਰ ਜਿਸਨੇ ਨੋਕਰੀ ਲਈ ਅਪਲਾਈ ਕੀਤਾ ਹੋਇਆ ਹੈ, ਉਹ ਮੇਰੇ ਕਹਿਣੇ ਤੋਂ ਬਾਹਰ ਹੈ। ਮ੍ਰਿਤਕ ਕਰਮਚਾਰੀ ਦੀ ਪਤਨੀ ਆਪਣੇ ਛੋਟੇ ਬੇਟੇ ਸੰਦੀਪ ਕੁਮਾਰ ਪੁੱਤਰ ਸੋਮ ਨਾਲ ਰਹਿੰਦੀ ਹੈ ਅਤੇ ਘਰ ਵਿਚ ਕੋਈ ਰੁਜਗਾਰ ਨਹੀਂ ਹੈ। ਮ੍ਰਿਤਕ ਕਰਮਚਾਰੀ ਦੀ ਪਤਨੀ ਲਛਮੀ ਦੇਵੀ ਆਪਣੇ ਵੱਡੇ ਲੜਕੇ ਰਿੰਕੂ ਕੁਮਾਰ ਦੇ ਨਾਮ ਦੀ ਫਾਇਲ ਰੱਦ ਕਰਵਾਕੇ ਛੋਟੇ ਲੜਕੇ ਸੰਦੀਪ ਕੁਮਾਰ ਨੂੰ ਉਸਦੇ ਪਿਤਾ ਦੀ ਖਾਲੀ ਪਈ ਆਸਾਮੀ ਤੇ ਨੋਕਰੀ ਦਿਵਾਉਣਾ ਚਾਹੁੰਦੀ ਹੈ। ਸ਼੍ਰੀ ਸੰਦੀਪ ਕੁਮਾਰ ਪੁੱਤਰ ਸਵ: ਸੋਮ ਵੱਲੋ ਪੇਸ਼ ਹਲਫਿਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀ ਮਾਤਾ ਲਛਮੀ ਦੇਵੀ, ਇਕ ਭਰਾ ਰਿੰਕੂ ਕੁਮਾਰ ਅਤੇ ਤਿੰਨ ਭੈਣਾ ਰਾਣੋ, ਮੰਜੂ ਰਾਣੀ, ਅੰਜੂ ਰਾਣੀ ਹਨ। ਇਨ੍ਹਾਂ ਸਾਰੀਆਂ ਨੇ ਸੰਦੀਪ ਕੁਮਾਰ ਦੇ ਹਕ ਵਿਚ ਇਤਰਾਜਹੀਨਤਾ ਹਲਫੀਆ ਬਿਆਨ ਦਿੱਤਾ ਹੈ ਕਿ ਉਸਨੂੰ ਉਹਨਾਂ ਦੇ ਪਿਤਾ ਸਵ: ਸੋਮ ਪੁੱਤਰ ਕਿਸ਼ਨ ਦੀ ਖਾਲੀ ਪਈ ਸਫਾਈ ਸੇਵਕ ਦੀ ਨੋਕਰੀ ਦਿੱਤੀ ਜਾਵੇ। ਇਸ ਵਿਚ ਸੰਦੀਪ ਕੁਮਾਰ ਦੇ ਪਰਿਵਾਰ ਵਿਚ ਕਿਸੇ ਨੂੰ ਕੋਈ ਇਤਰਾਜ ਨਹੀਂ ਹੈ। ਹਲਫੀਆ ਬਿਆਨ ਅਨੁਸਾਰ ਰਿੰਕੂ ਕੁਮਾਰ ਦੇ ਪਰਿਵਾਰ ਵਿਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ ਨੋਕਰੀ ਨਹੀਂ ਕਰਦਾ ਹੈ। ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 06.07.1988 ਹੈ। ਸ਼੍ਰੀ ਰਿੰਕੂ ਕੁਮਾਰ ਪੜਣਾ ਲਿਖਣਾ ਜਾਣਦਾ ਹੈ। ਐਨਕਚਰ-1 ਨਾਲ ਨੱਥੀ ਹੈ।

ਇਸ ਸਬੰਧੀ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਨਗਰ ਨਿਗਮ ਬਠਿੰਡਾ ਦੇ ਪੁੱਛਣ ਤੇ ਰਿਪੋਰਟ ਕੀਤੀ ਗਈ ਕਿ ਹਲਫੀਆ ਬਿਆਨ ਅਨੁਸਾਰ ਸ਼੍ਰੀ ਸੰਦੀਪ ਕੁਮਾਰ ਪੁੱਤਰ ਸਵ: ਸ਼੍ਰੀ ਸੋਮ ਦੇ ਪਰਿਵਾਰ ਵਿੱਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ ਨੋਕਰੀ ਨਹੀਂ ਕਰਦਾ ਹੈ। ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 06.07.1988 ਹੈ। ਸ਼੍ਰੀ ਸੰਦੀਪ ਕੁਮਾਰ ਪੜ੍ਹਨ ਲਿਖਣ ਜਾਣਦਾ ਹੈ।

ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਰਿੰਕੂ ਕੁਮਾਰ ਦੀ ਤਰਸ ਦੇ ਆਧਾਰ ਤੇ ਫਾਇਲ ਨੂੰ ਰੱਦ ਕਰਕੇ ਉਸਦੇ ਪਿਤਾ ਸਵ: ਸੋਮ ਪੁੱਤਰ ਕਿਸ਼ਨ ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਉਸਦੇ ਛੋਟੇ ਬੇਟੇ ਸੰਦੀਪ ਕੁਮਾਰ ਪੁੱਤਰ ਸੋਮ ਦੇ ਨਾਮ ਨੋਕਰੀ ਦੇਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ ਰਿਪੋਰਟ ਪੇਸ਼ ਹੈ ਜੀ।

**6 :**

ਦਫਤਰੀ ਰਿਪੋਰਟ ਕਿ ਸ਼੍ਰੀਮਤੀ ਸ਼ੀਲਾ ਪਤਨੀ ਹੰਸ ਰਾਜ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਿਕਾ ਕੰਮ ਕਰਦੀ ਸੀ । ਜਿਸ ਦੀ ਮਿਤੀ 16.01.2019 ਨੂੰ ਮੌਤ ਹੋ ਗਈ ਸੀ । ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਪੱਪੂ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੀ ਮਾਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਪੱਪੂ ਪੁੱਤਰ ਹੰਸ ਰਾਜ ਵਲੋ ਪੇਸ਼ ਹਲਫਿਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਤੋਂ ਇਲਾਵਾ ਹੋਰ ਕੋਈ ਵਾਰਸ ਨਹੀਂ ਹੈ। ਹਲਫੀਆ ਬਿਆਨ ਅਨੁਸਾਰ ਸ਼੍ਰੀ ਪੱਪੂ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਹ ਆਪਣੀ ਮਾਤਾ ਤੇ ਹੀ ਨਿਰਭਰ ਸੀ। ਹਲਫੀਆ ਬਿਆਨ ਅਨੁਸਾਰ ਇਸ ਦੇ ਪਿਤਾ ਜੀ ਦੀ ਮੌਤ 30 ਸਾਲ ਪਹਿਲਾ ਹੋ ਚੁੱਕੀ ਸੀ ਪਰੰਤੂ ਇਹਨਾਂ ਪਾਸ ਮੋਤ ਸਬੰਧੀ ਕੋਈ ਸਰਟੀਫਿਕੇਟ ਜਾਂ ਸਬੂਤ ਨਹੀਂ ਹੈ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀ ਹੈ। ਇਸ ਲਈ ਉਸਨੂੰ ਸਫਾਈ ਸੇਵਕ ਦੀ ਨੋਕਰੀ ਤੇ ਰੱਖਿਆ ਜਾਵੇ। ਹਲਫੀਆ ਬਿਆਨ ਅਨੁਸਾਰ ਸ਼੍ਰੀ ਪੱਪੂ ਪੜਨਾ ਲਿਖਣਾ ਜਾਣਦਾ ਹੈ ਅਤੇ ਉਸਦੀ ਜਨਮ ਮਿਤੀ 15.08.1978 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀ ਪੱਪੂ ਨੂੰ ਉਸਦੀ ਮਾਤਾ ਸ਼੍ਰੀਮਤੀ ਸ਼ੀਲਾ ਪਤਨੀ ਹੰਸ ਰਾਜ, ਸਫਾਈ ਸੇਵਿਕਾ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਲਈ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

**7 :**

ਦਫਤਰੀ ਰਿਪੋਰਟ ਕਿ ਸਵ: ਹੰਸ ਰਾਜ ਪੁੱਤਰ ਮਾਲੀਆ ਰਾਮ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ । ਜਿਸ ਦੀ ਮਿਤੀ 17.01.2021 ਨੂੰ ਮੌਤ ਹੋ ਗਈ ਸੀ। ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਕਵੀ ਰਾਜ ਪੁੱਤਰ ਹੰਸ ਰਾਜ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਕਵੀ ਰਾਜ ਪੁੱਤਰ ਹੰਸ ਰਾਜ ਵਲੋ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀ ਮਾਤਾ ਅਤੇ ਤਿੰਨ ਭੈਣਾਂ ਹਨ। ਹਲਫੀਆ ਬਿਆਨ ਅਨੁਸਾਰ ਤਿੰਨੋ ਭੈਣਾਂ ਵਿਆਹਿਆ ਹੋਇਆ ਹਨ। ਹਲਫੀਆ ਬਿਆਨ ਅਨੁਸਾਰ ਇਸ ਦੀ ਮਾਤਾ ਅਤੇ ਭਣਾਂ ਵੱਲੋਂ ਇਤਰਾਜਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੀ ਕਵੀ ਰਾਜ ਨੂੰ ਤਰਸ ਦੇ ਆਧਾਰ ਤੇ ਉਸਦੇ ਪਿਤਾ ਦੀ ਨੋਕਰੀ ਦਿੱਤੀ ਜਾਵੇ। ਹਲਫੀਆਂ ਬਿਆਨ ਅਨੁਸਾਰ ਇਸ ਦੇ ਮਾਤਾ ਪਿਤਾ ਦੀ ਅਣਬਣ ਹੋਣ ਕਾਰਣ ਇਹ ਆਪਣੇ ਪਿਤਾ ਨਾਲ ਅਲਗ ਕਿਰਾਏ ਦੇ ਮਕਾਨ ਵਿਚ ਰਹਿੰਦਾ ਸੀ। ਹਲਫੀਆ ਬਿਆਨ ਅਨੁਸਾਰ ਕਵੀ ਰਾਜ ਬੇਰੁਜਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ ਅਤੇ ਇਹ ਪੁਰੀ ਤਰ੍ਹਾ ਆਪਣੇ ਪਿਤਾ ਤੇ ਨਿਰਭਰ ਸੀ ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 10.01.1994 ਹੈ ਅਤੇ ਸ਼੍ਰੀ ਕਵੀ ਰਾਜ ਅਠਵੀਂ ਜਮਾਤ ਪਾਸ ਹੈ। ਇੱਥੇ ਇਹ ਦੱਸਣਯੋਗ ਹੈ ਕਿ ਹੰਸ ਰਾਜ ਪੁੱਤਰ ਮਾਲੀਆਂ ਦੀ ਪਤਨੀ ਸਰੋਜ ਘਰੇਲੂ ਅਣਬਣ ਕਰਕੇ ਆਪਣੇ ਪਤੀ ਤੋਂ ਅਲੱਗ ਰਹਿੰਦੀ ਹੈ ਅਤੇ ਸਰੋਜ ਪਤਨੀ ਸਵ: ਹੰਸ ਰਾਜ ਸਰਕਾਰੀ ਨੋਕਰੀ ਕਰਦੀ ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀ ਕਵੀ ਰਾਜ ਨੂੰ ਉਸਦੇ ਪਿਤਾ ਸਵ: ਹੰਸ ਰਾਜ ਪੁੱਤਰ ਮਾਲੀਆ ਰਾਮ ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਕ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

**8 :**

ਦਫਤਰੀ ਰਿਪੋਰਟ ਕਿ ਸਵ: ਸ਼੍ਰੀ ਦਿਆਲ ਪੁੱਤਰ ਸ਼੍ਰੀ ਮੰਗਲ ਰਾਮ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ । ਇਸ ਦੀ ਮਿਤੀ 12.09.2017 ਨੂੰ ਮੌਤ ਹੋ ਗਈ ਸੀ । ਇਸ ਦੀ ਪਤਨੀ ਸ਼੍ਰੀਮਤੀ ਲਛਮੀ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਤੀ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਮ੍ਰਿਤਕ ਵੱਲੋਂ ਗਰੈਚੂਟੀ ਅਤੇ ਲੀਵ-ਇਨਕੈਸ਼ਮੈਂਟ ਦਾ ਨੋਮੀਨੇਸ਼ਨ ਆਪਣੀ ਪਤਨੀ ਸ਼੍ਰੀਮਤੀ ਲਛਮੀ ਦੇ ਨਾਮ ਤੇ ਕੀਤਾ ਹੋਇਆ ਸੀ। ਸ਼੍ਰੀਮਤੀ ਲਛਮੀ ਪਤਨੀ ਸ਼੍ਰੀ ਦਿਆਲ ਵਲੋ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸਦੇ ਦੋ ਬੇਟੇ ਅਤੇ ਇਕ ਬੇਟੀ ਹਨ। ਉਹਨਾਂ ਨੇ ਆਪਣੀ ਮਾਤਾ ਸ੍ਰੀਮਤੀ ਲਛਮੀ ਦੇ ਹੱਕ ਵਿੱਚ ਇਤਰਾਜਹੀਨਤਾ ਸਬੰਧੀ ਹਲਫੀਆ ਬਿਆਨ ਦਿੱਤਾ ਹੈ। ਪ੍ਰਾਰਥੀ ਵੱਲੋਂ ਇਹ ਵੀ ਲਿਖਿਆ ਗਿਆ ਹੈ ਕਿ ਉਹ ਆਪਣੇ ਬੱਚਿਆ ਦਾ ਪਾਲਣ-ਪੋਸ਼ਣ/ਦੇਖਭਾਲ ਕਰਨ ਦੀ ਪਾਬੰਦ ਹੋਵੇਗੀ ਅਤੇ ਉਸ ਪਾਸ ਉਸਦੇ ਪਤੀ ਦਾ ਇਕ 100 ਗਜ ਦਾ ਮਕਾਨ ਗਲੀ ਨੰ: 8, ਜਨਤਾ ਨਗਰ ਬਠਿੰਡਾ ਵਿਖੇ ਹੈ ਇਸ ਤੋਂ ਇਲਾਵਾ ਇਸ ਪਾਸ ਕੋਈ ਹੋਰ ਸੰਪੱਤੀ ਨਹੀਂ ਹੈ। ਹਲਫੀਆ ਬਿਆਨ ਅਨੁਸਾਰ ਉਸਦੀ ਜਨਮ ਮਿਤੀ 12.10.1973 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀਮਤੀ ਲਛਮੀ ਨੂੰ ਉਸਦੇ ਪਤੀ ਸ਼੍ਰੀ ਦਿਆਲ ਪੁੱਤਰ ਸ਼੍ਰੀ ਮੰਗਲ, ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਕੇਸ ਹਾਊਸ ਦੇ ਵਿਚਾਰ ਹਿੱਤ।

**9 :**

ਦਫਤਰੀ ਰਿਪੋਰਟ ਕਿ ਸਵ: ਸੰਤਰਾ ਪਤਨੀ ਸ਼੍ਰੀ ਰਮੇਸ਼, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਿਕਾ ਕੰਮ ਕਰਦੀ ਸੀ। ਇਸ ਦੀ ਮਿਤੀ 10.03.2021 ਨੂੰ ਮੌਤ ਹੋ ਗਈ ਸੀ । ਮ੍ਰਿਤਕ ਕਰਮਚਾਰਨ ਦੇ ਪੁੱਤਰ ਸ਼੍ਰੀ ਸੋਨੂ ਪੁੱਤਰ ਸਵ: ਰਮੇਸ਼ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੀ ਮਾਤਾ ਦੀ ਮੋਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਸੋਨੂ ਪੁੱਤਰ ਰਮੇਸ਼ ਵੱਲੋਂ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀਆਂ ਦੋ ਭੈਣਾਂ ਅਤੇ ਇੱਕ ਭਰਾ ਹੈ। ਹਲਫੀਆ ਬਿਆਨ ਅਨੁਸਾਰ ਇੱਕ ਭਰਾ ਵਿਆਹਿਆ ਹੋਇਆ ਹੈ ਅਤੇ ਦੋਨੋ ਭੈਣਾਂ ਅਣਮੈਰਿਡ ਹਨ। ਹਲਫੀਆ ਬਿਆਨ ਅਨੁਸਾਰ ਦੋਨੋ ਭੈਣਾਂ ਅਤੇ ਭਰਾ ਵੱਲੋਂ ਇਤਰਾਜਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੌ ਸੋਨੂੰ ਨੂੰ ਤਰਸ ਦੇ ਆਧਾਰ ਤੇ ਉਸਦੀ ਮਾਤਾ ਦੀ ਨੋਕਰੀ ਦਿੱਤੀ ਜਾਵੇ। ਹਲਫੀਆ ਬਿਆਨ ਅਨੁਸਾਰ ਸੋਨੂੰ ਬੇਰੋਜ਼ਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ ਅਤੇ ਇਹ ਪੂਰੀ ਤਰ੍ਹਾਂ ਆਪਣੀ ਮਾਤਾ ਤੇ ਨਿਰਭਰ ਸੀ। ਹਲਫੀਆ ਬਿਆਨ ਅਨੁਸਾਰ ਸੋਨੂ ਪਾਸ ਕੋਈ ਚਲ-ਅੱਚਲ ਸੰਪਤੀ ਨਹੀਂ ਹੈ ਅਤੇ ਇਸ ਦੇ ਪਰਿਵਾਰ ਵਿੱਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ ਨੋਕਰੀ ਨਹੀਂ ਕਰਦਾ ਹੈ। ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 01.01.1989 ਹੈ ਅਤੇ ਸ਼੍ਰੀ ਸੋਨੂੰ ਅੱਠਵੀਂ ਜਮਾਤ ਪਾਸ ਹੈ। ਇੱਥੇ ਇਹ ਵੀ ਦਸਣਯੋਗ ਹੈ ਕਿ ਸ਼੍ਰੀ ਸੋਨੂ ਪੁੱਤਰ ਸਵ: ਰਮੇਸ਼ 60% ਆਰਥੋ ਹੈਂਡੀਕੈਪ ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀ ਸੋਨੂੰ ਨੂੰ ਉਸਦੀ ਮਾਤਾ ਸਵ: ਸੰਤਰਾ ਪਤਨੀ ਸਵ: ਰਮੇਸ਼ ਸਫਾਈ ਸੇਵਿਕਾ ਦੀ ਮੋਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਕ ਨਿਯੁਕਤ ਕਰਨ ਵਾਸਤੇ ਕੇਸ ਹਾਊਸ ਦੇ ਵਿਚਾਰ ਹਿੱਤ।

**10 :**

ਦਫਤਰੀ ਰਿਪੋਰਟ ਕਿ ਸ਼੍ਰੀ ਬੱਲੀ ਰਾਮ ਪੁੱਤਰ ਸ਼੍ਰੀ ਰਾਮ ਕਿਸ਼ਨ, ਸੀਵਰਮੈਨ ਸਲਾਨਾ ਸੀਵਰੇਜ਼ ਸਕੀਮ ਬਠਿੰਡਾ ਦੇ ਵਿਰੁੱਧ ਕੰਮ ਕਰਦਾ ਸੀ, ਜਿਸਦੀ ਮੌਤ ਮਿਤੀ 10.11.2020 ਨੂੰ ਨੌਕਰੀ ਦੌਰਾਨ ਹੋ ਗਈ ਸੀ। ਮ੍ਰਿਤਕ ਕਰਮਚਾਰੀ ਦੇ ਪੁੱਤਰ ਸੂਰਜ ਪੁੱਤਰ ਸ਼੍ਰੀ ਬੱਲੀ ਰਾਮ ਵੱਲੋਂ ਆਪਣੇ ਪਿਤਾ ਦੀ ਜਗ੍ਹਾ ਤੇ ਤਰਸ ਦੇ ਆਧਾਰ ਤੇ ਲੱਗਣ ਲਈ ਸੀਵਰੇਜ਼ ਬੋਰਡ ਵਿਖੇ ਬਿਨੈ ਪੱਤਰ ਦਿੱਤਾ ਹੈ। ਬਿਨੈਕਾਰ ਅੱਠਵੀਂ ਪਾਸ ਹੈ। ਦਿੱਤੇ ਗਏ ਦਸਤਾਵੇਜ਼ਾਂ ਅਨੁਸਾਰ ਉਸਦੀ ਜਨਮ ਮਿਤੀ 04.05.1995 ਹੈ। ਮ੍ਰਿਤਕ ਕਰਮਚਾਰੀ ਸੀਵਰੇਜ਼ ਬੋਰਡ ਦਾ ਕਰਮਚਾਰੀ ਸੀ। ਉਸਨੂੰ ਸੀਵਰੇਜ਼ ਬੋਰਡ ਵੱਲੋਂ ਭਰਤੀ ਕੀਤਾ ਗਿਆ ਸੀ। ਮ੍ਰਿਤਕ ਦੇ ਵਾਰਸ ਨੂੰ ਨੋਕਰੀ ਸੀਵਰੇਜ਼ ਬੋਰਡ ਵੱਲੋਂ ਦਿੱਤੀ ਜਾਣੀ ਹੈ। ਜਿਸਦੀ ਤਨਖਾਹ ਦਾ ਸਾਰਾ ਖਰਚਾ ਸੀਵਰੇਜ਼ ਸਕੀਮ ਨੂੰ ਪੈਣਾ ਹੈ। ਇਸਦੀ ਅਦਾਇਗੀ ਨਗਰ ਨਿਗਮ ਵੱਲੋਂ ਕੀਤੀ ਜਾਣੀ ਹੈ। ਕਾਰਜਕਾਰੀ ਇੰਜਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 1, ਬਠਿੰਡਾ ਨੇ ਆਪਣੇ ਪੱਤਰ ਨੰਬਰ 1984 ਮਿਤੀ 06.05.2021 ਰਾਹੀਂ ਮ੍ਰਿਤਕ ਸ਼੍ਰੀ ਬੱਲੀ ਰਾਮ ਪੁੱਤਰ ਸ਼੍ਰੀ ਰਾਮ ਕਿਸ਼ਨ ਦੇ ਵਾਰਸ ਨੂੰ ਸਲਾਨਾ ਦੇਖਭਾਲ ਸੀਵਰੇਜ਼ ਸਕੀਮ ਬਠਿੰਡਾ ਦੇ ਵਿਰੁੱਧ ਮ੍ਰਿਤਕ ਦੀ ਖਾਲੀ ਪੋਸਟ ਤੇ ਬਤੌਰ ਸੀਵਰਮੈਨ ਤਰਸ ਦੇ ਆਧਾਰ ਤੇ ਰੱਖਣ ਲਈ ਸਹਿਮਤੀ ਦੇਣ ਦੀ ਮੰਗ ਕੀਤੀ ਹੈ। ਸੋ ਮ੍ਰਿਤਕ ਦੇ ਵਾਰਸ ਨੂੰ ਨੋਕਰੀ ਤੇ ਰੱਖਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 16:** | **ਪ੍ਰਵਾਨ ਹੈ।** |

**ਏਜੰਡਾ ਨੰਬਰ 14 :**

ਦਫਤਰੀ ਰਿਪੋਰਟ ਕਿ ਸ਼੍ਰੀ ਸੰਜੀਵ ਕੁਮਾਰ, ਸੇਵਾਦਾਰ ਮਿਤੀ 06.11.2020 ਤੋਂ ਗੈਰ ਹਾਜ਼ਰ ਚੱਲ ਰਿਹਾ ਹੈ। ਇਸਤੇ ਕਾਰਵਾਈ ਕਰਦੇ ਹੋਏ ਦਫਤਰ ਵੱਲੋਂ ਕਰਮਚਾਰੀ ਦੀ ਤਿੰਨ ਵਾਰ ਜਵਾਬ-ਤਲਬੀ (ਦਫਤਰ ਦੇ ਪੱਤਰ ਨੰਬਰ 1075/ਐਚ.ਓ ਮਿਤੀ 01.12.2020, ਪੱਤਰ ਨੰਬਰ 44/ਐਚ.ਓ ਮਿਤੀ 27.01.2021 ਅਤੇ ਪੱਤਰ ਨੰਬਰ 68/ਐਚ.ਓ ਮਿਤੀ 01.02.2021) ਕੀਤੀ ਗਈ। ਕਰਮਚਾਰੀ ਵੱਲੋਂ ਪੱਤਰ ਰਸੀਵ ਕੀਤਾ ਗਿਆ। ਪਰ ਇਸ ਵੱਲੋਂ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ। ਅਨੁਸ਼ਾਸਨਹੀਣਤਾ ਨੂੰ ਦੇਖਦੇ ਹੋਏ ਮਾਨਯੋਗ ਕਮਿਸ਼ਨਰ ਜੀ ਵੱਲੋਂ ਉਕਤ ਕਰਮਚਾਰੀ ਨੂੰ ਮਿਤੀ 24.02.2021 ਨੂੰ ਡਿਊਟੀ ਤੋਂ ਮੁਅੱਤਲ ਕਰ ਦਿੱਤਾ ਗਿਆ। ਇਹ ਕਿ ਉਕਤ ਕਰਮਚਾਰੀ ਵੱਲੋਂ ਪੱਤਰ ਨੰਬਰ 1430 ਮਿਤੀ 05.04.2021 (206/ਐਚ.ਓ ਮਿਤੀ 06.04.2021) ਨੂੰ ਆਪਣੇ ਇਸ ਵਿਹਾਰ ਲਈ ਮਾਫੀ ਮੰਗੀ ਹੈ ਅਤੇ ਬੇਨਤੀ ਕੀਤੀ ਗਈ ਹੈ ਕਿ ਉਸਦੇ ਘਰ ਦੇ ਹਾਲਤ ਠੀਕ ਨਹੀਂ ਹਨ, ਜਿਸ ਕਾਰਨ ਉਹ ਪਿਛਲੇ ਲੰਬੇ ਸਮੇਂ ਤੋਂ ਪਰੇਸ਼ਾਨ ਹੈ, ਜਿਸ ਕਾਰਨ ਉਹ ਆਪਣੇ ਸ਼ੋ-ਕਾਜ਼ ਦਾ ਜਵਾਬ ਨਹੀਂ ਦੇ ਸਕਿਆ। ਇਸ ਸਬੰਧੀ ਉਸ ਵੱਲੋਂ ਹਲਫੀਆ ਬਿਆਨ ਵੀ ਦਿੱਤਾ ਗਿਆ ਹੈ। ਕਰਮਚਾਰੀ ਦੀ ਮਜ਼ਬੂਰੀ ਨੂ ਦੇਖਦੇ ਹੋਏ ਉਸਨੂੰ ਡਿਊਟੀ ਤੇ ਜੁਆਇਨ ਕਰਵਾਉਣ ਦੀ ਬੇਨਤੀ ਕੀਤੀ ਜਾਂਦੀ ਹੈ।

ਇਸ ਸਬੰਧੀ ਕਮਿਸ਼ਨਰ ਨਗਰ ਨਿਗਮ ਬਠਿੰਡਾ ਜੀ ਨੇ ਲਿਖਿਆ ਕਿ "Apperantly, he has been absent from Jan 20 as well where same reason was given for absence. Appropriate disciplinary action be initiated".

ਇਸ ਸਬੰਧੀ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ ਸ਼੍ਰੀ ਸੰਜੀਵ ਕੁਮਾਰ, ਸੇਵਾਦਾਰ, ਨਗਰ ਨਿਗਮ ਬਠਿੰਡਾ ਤਕਰੀਬਨ ਜਨਵਰੀ 2020 ਤੋਂ ਗੈਰ ਹਾਜ਼ਰ ਚਲਿਆ ਆ ਰਿਹਾ ਹੈ। ਇਸਦੀ ਫਾਈਲ ਘੋਖੀ ਗਈ। ਇਸਤੋਂ ਪਹਿਲਾਂ ਵੀ ਇਹ ਕਰਮਚਾਰੀ ਆਪਣੀ ਡਿਊਟੀ ਤੋਂ ਅਕਸਰ ਹੀ ਗਾਇਬ ਰਹਿੰਦਾ ਹੈ। ਇਸ ਤਰ੍ਹਾਂ ਇਸਨੂੰ Wilful absent ਘੋਸ਼ਿਤ ਕਰਨਾ ਬਣਦਾ ਹੈ। ਸਰਕਾਰ ਦੀਆਂ ਹਦਾਇਤਾਂ ਹਨ ਕਿ ਜਦੋਂ ਕੋਈ ਕਰਮਚਾਰੀ ਇੱਕ ਸਾਲ ਆਪਣੀ ਡਿਊਟੀ ਤੋਂ ਗੈਰ ਹਾਜ਼ਰ ਰਹਿੰਦਾ ਹੈ ਤਾਂ Deemed Resignation ਮੰਨਿਆ ਜਾਂਦਾ ਹੈ। ਇਸ ਅਨੁਸਾਰ ਇਸ ਦੀਆਂ ਸੇਵਾਵਾਂ ਖਤਮ ਕਰਨੀਆਂ ਬਣਦੀਆਂ ਹਨ। ਇਸਦੀ ਡਿਊਟੀ ਤੋਂ ਗੈਰ ਹਾਜ਼ਰ ਰਹਿਣ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ:-

| | | | |
|---|---|---|---|
| 1. | Absent | : | 06.11.2016 to 15.11.2016 |
| 2. | Absent | : | 01.08.2017 to 06.08.2017 |
| 3. | Absent | : | 02.01.2018 to 16.01.2018 |
| 4. | Absent | : | 01.02.2018 to 28.02.2018 |
| 5. | Absent | : | 01.03.2018 to 31.03.2018 |
| 6. | Absent | : | 01.04.2018 to 30.04.2018 |
| 7. | Absent | : | 01.05.2018 to 31.05.2018 |
| 8. | Absent | : | 01.10.2018 to 31.10.2018 |
| 9. | Absent | : | 01.12.2018 to 31.12.2018 |
| 10. | Absent | : | 01.01.2019 to 17.01.2019 |
| 11. | Absent | : | 01.11.2019 to 30.11.2019 |
| 12. | Absent | : | 01.01.2020 to 31.10.2020 |
| 13. | Absent | : | 06.11.2020 to 30.11.2020 |
| 14. | Absent | : | 01.12.2020 to 31.12.2020 |
| 15. | Absent | : | 01.01.2021 to 31.01.2021 |

ਇਸ ਉਪਰੰਤ ਇਸਨੂੰ ਦਫਤਰੀ ਹੁਕਮ ਮਿਤੀ 24.02.2021 ਰਾਹੀਂ ਡਿਊਟੀ ਤੋਂ ਮੁਅਤੱਲ ਕਰ ਦਿੱਤਾ ਗਿਆ ਸੀ। ਇਸ ਤਰ੍ਹਾਂ ਇਹ ਗੈਰ ਹਾਜ਼ਰ ਰਹਿਣ ਦਾ ਆਦੀ ਹੈ।

ਇਸ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਲਿਖਿਆ ਹੈ ਕਿ "He has been absent continusously since Jan 2020, apart from 6 days. His deemed resignation is accepted. Process accordingly".

ਉਕਤ ਅਨੁਸਾਰ ਕਰਮਚਾਰੀ ਨੂੰ ਸੇਵਾ ਤੋਂ ਡਿਸਮਿਸ ਕਰਨ ਹਿੱਤ ਰਿਪੋਰਟ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 17:** | **ਪਾਸ ਕੀਤਾ ਜਾਂਦਾ ਹੈ ਕਿ ਇਸ ਸਬੰਧੀ ਫੈਸਲਾ ਐਡਮੀਨਿਸਟਰੇਸ਼ਨ/ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਦੇ ਲੇਵਲ ਤੇ ਲਿਆ ਜਾਵੇ।** |

**ਏਜੰਡਾ ਨੰਬਰ 15 :**

ਰਿਪੋਰਟ ਸਿਹਤ ਸ਼ਾਖਾ ਕਿ ਪਾਲਤੂ ਕੁਤਿਆ/ਕੁਤੀਆ ਦੀ ਰਜਿਸਟਰੇਸ਼ਨ ਫੀਸ ਨਿਰਧਾਰਤ ਕਰਨ ਸਬੰਧੀ ਬੇਨਤੀ ਕੀਤੀ ਜਾਂਦੀ ਹੈ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋ ਕੇਸ ਸੀ.ਡਬਲਯੂ.ਪੀ 18253 ਆਫ 2009 ਵਿੱਚ ਮਿਤੀ: 02.03.2020 ਨੂੰ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ ਕਿ

**N.** **All the dog owner are required to register their dogs with the Municipal Authorities are required to issue tokens. The owner of the dog must ensure that dogs poop must be picked up/removed and put in a bag/container to be disposed of at home in a hygienic manner.**

**O.** **The Municipal Authorities in the State of Punjab, Haryana and UT Chandigarh Authorities are directed to construct 4/5 dog pounds in their jurisdiction to house the stray dogs. The State of Punjab Haryana and UT Chandigarh are directed to strictly enforce the provision of the prevention of Cruelty to Animal ( Dog Breeding and Marketing ) Rules, 2017. All the dog breeders in the State of Punjab, Haryana and UT Chandigarh should be registered. The breeding of dogs without registration is banned.**

ਪੰਜਾਬ ਮਿਊਂਸੀਪਲ ਕਾਰਪੋਰੇਸ਼ਨ ਐਕਟ-1976 ਦੀ ਧਾਰਾ 325 (**Registration and control of dogs** ) ਅਨੁਸਾਰ ਪਾਲਤੂ ਕੁਤਿਆ/ਕੁਤੀਆ ਦੀ ਰਜਿਸਟਰੇਸ਼ਨ ਕਰਨਾ ਲਾਜਮੀ ਹੈ।

ਸਥਾਨਕ ਸਰਕਾਰ ਵਿਭਾਗ ਪੰਜਾਬ, ਚੰਡੀਗੜ੍ਹ (ਪੀ.ਐਮ.ਆਈ.ਡੀ.ਸੀ. ਚੰਡੀਗੜ੍ਹ ) ਵੱਲੋ ਪ੍ਰਾਪਤ ਮੀਮੋ ਨੰਬਰ **PMIDC/IT/2021/1390-91** ਮਿਤੀ 24.02.2021 ਨੂੰ ਪ੍ਰਾਪਤ ਹੋਏ ਪੱਤਰ ਅਨੁਸਾਰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਦਿਸ਼ਾ ਨਿਰਦੇਸ਼ਾ ਦੀ ਪਾਲਣਾ ਹਿੱਤ ਵਿਭਾਗ ਦੇ (**IT & legal** ) ਵਿਭਾਗ ਵੱਲੋ ਇੱਕ ਆਨ-ਲਾਈਨ ਐਪਲੀਕੇਸ਼ਨ ਤਿਆਰ ਕੀਤੀ ਹੈ ਦਫ਼ਤਰ ਵੱਲੋ ਇਸ ਐਪਲੀਕੇਸ਼ਨ ਦੀ ਵਰਤੋ ਕਰਨ ਲਈ ਸਹਿਮਤੀ ਦਿੱਤੀ ਗਈ ਹੈ।

ਨਗਰ ਨਿਗਮ, ਬਠਿੰਡਾ ਵੱਲੋ ਡਾਗ-ਬਾਇਲਾਜ਼ ਨਹੀ ਬਨਾਏ ਗਏ ਹਨ ਜਿਸ ਕਾਰਨ ਹੁਣ ਤੱਕ ਕੁੱਤਿਆ/ਕੁਤੀਆ ਦੀ ਰਜਿਸਟਰੇਸ਼ ਫੀਸ ਨਿਰਧਾਰਤ ਨਹੀ ਹੈ। ਉਕਤ ਪੋਰਟਲ/ਐਪਲੀਕੇਸ਼ਨ ਦੀ ਵਰਤੋ ਕਰਨ ਤੋਂ ਪਹਿਲਾ ਰਜਿਸਟਰੇਸ਼ਨ ਲਈ ਫੀਸ ਨਿਰਧਾਰਤ ਕਰਨਾ ਜਰੂਰੀ ਹੈ । ਜੇਕਰ ਉੱਚ ਅਧਿਕਾਰੀਆਂ ਨੂੰ ਮੰਜ਼ੂਰ ਹੋਵੇ ਤਾਂ ਇਸ ਲਈ 500/- ਰੁਪਏ ਪ੍ਰਤੀ ਕੁੱਤਾ ਰਜਿਸਟਰੇਸ਼ ਫੀਸ ਤਜਵੀਜ ਕੀਤੀ ਜਾਂਦੀ ਹੈ। ਰਿਪੋਰਟ **ਹਾਊਸ ਦੇ ਵਿਚਾਰ ਹਿੱਤ।**

| | |
|---|---|
| **ਮਤਾ ਨੰਬਰ 18:** | **ਪਾਸ ਕੀਤਾ ਗਿਆ ਕਿ ਇਸ ਸਬੰਧੀ ਵਿਸਥਾਰਪੂਰਵਕ ਤਜਵੀਜ ਤਿਆਰ ਕਰਕੇ ਸਮੂਹ ਕੌਂਸਲਰ ਸਾਹਿਬਾਨ ਨੂੰ ਭੇਜੀ ਜਾਵੇ। ਇਸ ਉਪਰੰਤ ਇਹ ਮੱਦ ਵਿਚਾਰ ਲਈ ਅਗਲੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇ। ਤੱਦ ਤੱਕ ਲਈ ਇਸ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ।** |

**ਏਜੰਡਾ ਨੰਬਰ 16 :**

ਰਿਪੋਰਟ ਸਿਹਤ ਸ਼ਾਖਾ ਕਿ ਮਾਨਯੋਗ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਦੇ ਹੁਕਮਾਂ ਦੀ ਪਾਲਣਾਂ ਕਰਦੇ ਹੋਏ ਸਫਾਈ ਮੇਟਾਂ ਦੀਆਂ 12 ਪ੍ਰਵਾਨਿਤ ਆਸਾਮੀਆਂ ਵਿੱਚੋਂ 8 ਖਾਲੀ ਆਸਾਮੀਆਂ ਤੇ 8 ਸਫਾਈ ਮੇਟ ਅਤੇ ਹਾਜ਼ਰੀਆਂ ਦੀ ਲੋੜ੍ਹ ਅਨੁਸਾਰ 14 ਐਕਟਿੰਗ ਮੇਟ ਡੈਜ਼ੀਗਨੇਟ ਕੀਤੇ ਜਾਣੇ ਹਨ। ਜਿਸ ਦੇ ਸਬੰਧ ਵਿੱਚ ਸੀਨੀਅਰਤਾ ਸੂਚੀ ਤਿਆਰ ਕੀਤੀ ਗਈ ਸੀ। ਮਾਨਯੋਗ ਕਮਿਸ਼ਨਰ ਸਾਹਿਬ ਜੀ ਦੇ ਹੁਕਮ ਮਿਤੀ 10.08.2020 ਰਾਹੀਂ ਇਹ ਲਿਖਿਆ ਗਿਆ ਹੈ ਕਿ ਅਗਲੇਰੀ ਕਾਰਵਾਈ ਕਰਨ ਤੋਂ ਪਹਿਲਾਂ ਦਫਤਰ ਵੱਲੋਂ ਤਿਆਰ ਕੀਤੀ ਗਈ ਸੀਨੀਅਰਤਾ ਸੂਚੀ ਤੇ ਸਮੂਹ ਸਫਾਈ ਸੇਵਕਾਂ ਤੋਂ 7 ਦਿਨਾਂ ਦੇ ਅੰਦਰ-ਅੰਦਰ ਇਤਰਾਜ਼ ਦਾਖਲ ਕਰਵਾਏ ਜਾਣ। ਜਿਸ ਦੀ ਪਾਲਣਾਂ ਕਰਦੇ ਹੋਏ ਸੀਨੀਅਰਤਾ ਸੂਚੀ ਤੇ ਇਤਰਾਜ਼ ਦੀ ਮੰਗ ਕਰਨ ਲਈ ਜ਼ੋਨ ਵਾਇਜ਼ ਸਮੂਹ ਸੈਨਟਰੀ ਇੰਸਪੈਕਟਰ/ ਸੈਨਟਰੀ ਸੁਪਰਵਾਇਜ਼ਰ ਨੂੰ ਪੱਤਰ ਨੰ: 586/ਐਚ.ਓ. ਮਿਤੀ 11.08.2020 ਜਾਰੀ ਕਰਕੇ ਲਿਖਿਆ ਗਿਆ ਸੀ ਕਿ ਉਹ ਆਪਣੇ ਜ਼ੋਨ ਵਿੱਚ ਕੰਮ ਕਰਦੇ ਸਫਾਈ ਕਰਮਚਾਰੀਆਂ ਤੋਂ ਸੀਨੀਅਰਤਾ ਸੂਚੀ ਸਬੰਧੀ ਇਤਰਾਜ਼ ਪ੍ਰਾਪਤ ਕਰਕੇ ਦਫਤਰ ਜਮ੍ਹਾਂ ਕਰਾਉਣ। ਇਸ ਸਬੰਧੀ ਨੋਟਿਸ ਬੋਰਡ ਤੇ ਵੀ ਨੋਟਿਸ ਲਗਾ ਦਿੱਤਾ ਗਿਆ ਸੀ। ਪਰੰਤੂ ਨਿਸ਼ਚਤ ਸਮੇਂ ਤੱਕ ਕਿਸੇ ਵੀ ਸਫਾਈ ਕਰਮਚਾਰੀ ਵੱਲੋਂ ਸੀਨੀਅਰਤਾ ਸੂਚੀ ਤੇ ਕੋਈ ਇਤਰਾਜ਼ ਪ੍ਰਾਪਤ ਨਹੀਂ ਹੋਇਆ ਹੈ।

ਉਕਤ ਸਬੰਧੀ ਰਿਪੋਰਟ ਹੈ ਕਿ ਪੰਜਾਬ ਮਿਉਂਸਪਲ ਸਫਾਈ ਕਰਮਚਾਰੀ ਰੂਲਜ਼ 1984 ਅਨੁਸਾਰ ਸੈਨਟਰੀ ਮੇਟ ਵਾਸਤੇ qualification ਹੈ:-

"(b) In the case of Sanitary Mate/ Sanitary Jamadar by promotion from amongst the Safai Karamcharis or Sewerman who have an experience of working on either or both of these posts for a minimum period of five years.

(2) All appointments to service by promotion shall be made on seniority-cum-merit and seniority alone shall not confer any right of appointment to a post in the Service."

ਰਿਪੋਰਟ ਅਨੁਸਾਰ ਨਗਰ ਨਿਗਮ ਵਿਖੇ 12 ਪ੍ਰਵਾਨਤ ਪੋਸਟਾਂ ਹਨ। ਇਹਨਾਂ ਵਿੱਚੋਂ 9 ਖਾਲੀ ਹਨ। ਇਸ ਅਨੁਸਾਰ 9 ਕਰਮਚਾਰੀ ਸੀਨੀਅਰਤਾ ਸੂਚੀ ਅਨੁਸਾਰ ਸੀਨੀਅਰਤਾ ਦੇ ਆਧਾਰ ਤੇ ਪਦ-ਉਨੱਤ ਕੀਤੇ ਜਾ ਸਕਦੇ ਹਨ। ਬਾਕੀ ਆਸਾਮੀਆਂ ਦੀ ਰਚਨਾ ਦੀ ਲੋੜ੍ਹ ਹੈ। ਇਸ ਸਬੰਧੀ ਹਾਊਸ ਨਗਰ ਨਿਗਮ ਦਾ ਮਤਾ ਅਤੇ ਸਰਕਾਰ ਦੀ ਪ੍ਰਵਾਨਗੀ ਵੀ ਲੋੜੀਂਦੀ ਹੈ।

ਉਕਤ ਅਨੁਸਾਰ ਕਰਮਚਾਰੀਆਂ ਵਿੱਚੋਂ ਮੇਟ ਅਤੇ ਐਕਟਿੰਗ ਮੇਟ ਪਦ-ਉਨੱਤ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 19:** | **ਪ੍ਰਵਾਨ ਹੈ।** |

**ਏਜੰਡਾ ਨੰਬਰ 17 :**

ਰਿਪੋਰਟ ਬਿਲਡਿੰਗ ਸ਼ਾਖਾ ਕਿ ਪੰਜਾਬ ਸਰਕਾਰ ਦੇ ਟਾਊਨ ਪਲੈਨਿੰਗ ਵਿਭਾਗ ਵੱਲੋਂ ਟਾਊਨ ਪਲੈਨਿੰਗ ਸਕੀਮ ਨੰ. 3 ਪਾਰਟ 1 ਤਹਿਤ ਨਗਰ ਨਿਗਮ ਬਠਿੰਡਾ ਵਿਖੇ ਡਰਾਇੰਗ ਨੰਬਰ ਡੀ.ਟੀ.ਪੀ (ਬੀ) 126/82 ਮਿਤੀ 20/02/1982 ਦੀ ਡਰਾਇੰਗ ਪੱਤਰ ਨੰ. 54-U-11-83/17136 ਮਿਤੀ 09/09/1983 ਰਾਹੀਂ ਪ੍ਰਵਾਨ ਕੀਤੀ ਗਈ ਹੈ। ਟੀ.ਪੀ ਸਕੀਮਾਂ ਵਿੱਚ ਕਾਰੋਬਾਰੀ ਘੋਸ਼ਿਤ ਸੜਕਾਂ ਤੇ ਸਿੰਗਲ ਡੈਪਥ ਦਾ ਸੀ.ਐਲ.ਯੂ ਇਜਾਜਤਯੋਗ ਹੈ। ਸਥਾਨਕ ਸਰਕਾਰ ਵਿਭਾਗ ਵੱਲੋਂ ਆਪਣੇ ਪੱਤਰ ਨੰ. ਸੀ.ਟੀ.ਪੀ(ਸਸ)-2020/3334 ਮਿਤੀ 18/11/2020 ਰਾਹੀਂ ਹਦਾਇਤ ਜਾਰੀ ਕੀਤੀਆ ਗਈਆ ਹਨ ਕਿ ਟੀ.ਪੀ ਸਕੀਮਾਂ ਵਿੱਚ ਕਾਰੋਬਾਰੀ ਘੋਸ਼ਿਤ ਸੜਕ ਤੇ ਸਿੰਗਲ ਡੈਪਥ ਨਾਲ ਡੱਬਲ ਡੈਪਥ ਦਾ ਸੀ.ਐਲ.ਯੂ ਕੀਤਾ ਜਾ ਸਕਦਾ ਹੈ। ਬਾਸ਼ਰਤ ਕਿ ਪਲਾਟ/ਸਿੰਗਲ ਡੈਪਥ ਪਲਾਟ ਦਾ ਰਕਬਾ ਘੱਟੋ-ਘੱਟ 500 ਵ.ਗਜ ਹੋਵੇ ਤਾਂ ਜੋ ਬਾਈਲਾਜ ਅਨੁਸਾਰ ਲੋੜੀਂਦੀ ਪਾਰਕਿੰਗ ਮੁਹੱਈਆ ਕਰਵਾਈ ਜਾ ਸਕੇ ਅਤੇ ਨਾਲ ਲੱਗਦੇ ਰਿਹਾਇਸ਼ੀ ਪਲਾਟਾਂ ਨੂੰ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਬਿਨੈਕਾਰ ਸ੍ਰੀ ਨਰੇਸ਼ ਕੁਮਾਰ ਪੁੱਤਰ ਸ੍ਰੀ ਕੋਰ ਚੰਦ, ਸ੍ਰੀਮਤੀ ਸਰੋਜ ਬਾਂਸਲ ਪਤਨੀ ਸ੍ਰੀ ਨਰੇਸ਼ ਕੁਮਾਰ, ਸ੍ਰੀਮਤੀ ਸ਼ਾਮਾ ਜਿੰਦਲ ਪਤਨੀ ਸ੍ਰੀ ਮੁਕੇਸ਼ ਕੁਮਾਰ, ਸ੍ਰੀਮਤੀ ਤਮੰਨਾ ਬਾਂਸਲ ਪਤਨੀ ਸ੍ਰੀ ਨਵਨੀਤ ਕੁਮਾਰ, ਰਜਨੀਸ਼ ਕੁਮਾਰ ਪੁੱਤਰ ਸ੍ਰੀ ਰੋਸ਼ਨ ਲਾਲ ਵੱਲੋਂ ਟੀ.ਪੀ ਸਕੀਮ 3 ਪਾਰਟ 1 ਵਿਖੇ ਘੋੜਾ ਚੌਂਕ ਦੇ ਨੇੜੇ 100 ਫੁੱਟੀ ਚੌੜੀ ਰੋਡ ਤੇ ਕਾਰੋਬਾਰੀ ਮੰਤਵ ਲਈ ਸੀ.ਐਲ.ਯੂ ਆਨਲਾਈਨ ਪੋਰਟਲ ਤੇ ਫਾਈਲ ਨੰ. 542 ਰਾਹੀਂ ਅਪਲਾਈ ਕੀਤਾ ਹੈ। ਇਸ ਜਗ੍ਹਾ ਦਾ ਯੂ.ਆਈ.ਡੀ ਨੰ. ਜੈੱਡ2/07999 ਹੈ ਅਤੇ ਇਸ ਪਲਾਟ ਦੇ ਰਕਬਾ ਟੀ.ਪੀ ਸਕੀਮ ਮੁਤਾਬਕ ਸਿੰਗਲ ਡੈਪਥ, ਡੱਬਲ ਡੈਪਥ ਅਤੇ ਨਾਲ ਲੱਗਦੇ ਪਲਾਟਾਂ ਵਿੱਚ ਪੈਂਦਾ ਹੈ। ਮਾਲਕੀ ਸਬੂਤ ਵਜੋਂ ਬਿਨੈਕਾਰ ਵੱਲੋਂ ਮਾਲ ਰਿਕਾਰਡ ਦੀਆਂ ਜਮ੍ਹਾਂਬੰਦੀਆ ਦੀਆਂ ਕਾਪੀਆਂ ਪੇਸ਼ ਕੀਤੀਆ ਹਨ। ਦਰਖਾਸਤ ਅਤੇ ਪਟਵਾਰੀ ਦੀ ਰਿਪੋਰਟ ਅਨੁਸਾਰ ਇਸ ਪਲਾਟ ਦਾ ਰਕਬਾ 1372.38 ਵ.ਗਜ ਪੱਤੀ ਮੈਹਣਾ ਵਿੱਚ ਪੈਂਦਾ ਹੈ ਅਤੇ ਖਸਰਾ ਨੰਬਰ 2494/2 ਮਿਨ ਬਾਹਕ ਸ਼ਮਾ ਜਿੰਦਲ ਪਤਨੀ

ਮੁਕੇਸ਼ ਕੁਮਾਰ ਵਾ 2494/2 ਮਿਨ, 2494/4 ਮਿਨ, 2438/1/15/4 ਮਿਨ ਦੇ ਮਾਲਕ ਤਮੰਨਾ ਬਾਂਸਲ, ਸਰੋਜ ਬਾਂਸਲ, ਨਰੇਸ਼ ਕੁਮਾਰ, ਰਜਨੀਸ਼ ਕੁਮਾਰ ਹਨ।

ਉਕਤ ਦੇ ਸਬੰਧ ਵਿੱਚ ਨਿਗਮ ਦਫਤਰ ਵੱਲੋਂ ਦੋ ਅਖਬਾਰਾਂ ਵਿੱਚ ਮਿਤੀ 13/02/2021 ਨੂੰ ਪਬਲਿਕ ਨੋਟਿਸ ਪ੍ਰਕਾਸ਼ਿਤ ਕਰਵਾ ਕੇ 30 ਦਿਨਾਂ ਦੇ ਅੰਦਰ ਉਕਤ ਜਗ੍ਹਾ ਦਾ ਸੀ.ਐਲ.ਯੂ ਕਰਨ ਅਤੇ ਜਗ੍ਹਾ ਦੀ ਮਾਲਕੀ ਸਬੰਧੀ ਇਤਰਾਜ ਮੰਗੇ ਗਏ ਸਨ। ਨਿਸ਼ਚਿਤ ਸਮੇਂ ਅੰਦਰ ਨਿਗਮ ਦਫਤਰ ਵਿਖੇ ਕੋਈ ਇਤਰਾਜ ਪ੍ਰਾਪਤ ਨਹੀਂ ਹੋਇਆ। ਇਸ ਪਲਾਟ ਦਾ 80'-4,1/2" ਮੱਥਾ ਟੀ.ਪੀ ਸਕੀਮ 3 ਪਾਰਟ 1 ਦੀ ਘੋਸ਼ਿਤ 100 ਫੁੱਟੀ ਕਮਰਸ਼ੀਅਲ ਰੋਡ ਤੇ ਲੱਗਦਾ ਹੈ। ਇਸ ਪਲਾਟ ਦੇ ਪਿੱਛੇ ਲੱਗਦੀ ਜਗ੍ਹਾ ਰਿਹਾਇਸ਼ੀ ਹੈ। ਇਸ ਜਗ੍ਹਾ/ਪਲਾਟ ਦੇ ਪਿਛਲੇ ਪਾਸੇ ਰਿਹਾਇਸ਼ੀ ਮਕਾਨ ਬਣੇ ਹੋਏ ਹਨ ਅਤੇ ਆਲੇ-ਦੁਆਲੇ ਦਾ ਏਰੀਆ ਬਿਲਟ-ਅੱਪ ਹੈ। ਮੌਕੇ ਦੀਆ ਫੋਟੋਆ ਅਤੇ ਗੂਗਲ ਮੈਪ ਨਾਲ ਨੱਥੀ ਹੈ। ਇਸ ਜਗ੍ਹਾ ਨੂੰ ਕਮਰਸ਼ੀਅਲ ਘੋਸ਼ਿਤ ਕਰਨ ਲਈ ਨਿਗਮ ਹਾਊਸ ਦੀ ਪ੍ਰਵਾਨਗੀ ਪ੍ਰਾਪਤ ਕਰਨ ਉਪਰੰਤ ਨੋਟੀਫਾਈ ਕਰਨ ਲਈ ਕੇਸ ਸਰਕਾਰ ਪਾਸ ਭੇਜਿਆ ਜਾਣਾ ਹੈ। ਸੋ ਉਕਤ ਦੀ ਪ੍ਰਵਾਨਗੀ ਨਿਗਮ ਹਾਊਸ ਪਾਸੋਂ ਪ੍ਰਾਪਤ ਕਰਨ ਲਈ ਕੇਸ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 20:** | **ਪਾਸ ਕੀਤਾ ਜਾਂਦਾ ਹੈ ਕਿ ਇਸ ਕੇਸ ਤੇ ਘੋਖ ਕਰਕੇ ਰਿਪੋਰਟ ਕਰਨ ਲਈ ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਅਤੇ ਸ੍ਰ: ਬਲਜੀਤ ਸਿੰਘ ਸਰਾਂ, ਕੌਂਸਲਰ ਦੀ ਦੋ ਮੈਂਬਰੀ ਸਬ-ਕਮੇਟੀ ਬਣਾਈ ਜਾਂਦੀ ਹੈ। ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਇਸ ਸਬ-ਕਮੇਟੀ ਦੇ ਟੈਕਨੀਕਲ ਹੈਡ ਹੋਣਗੇ। ਸਬ-ਕਮੇਟੀ ਦੀ ਰਿਪੋਰਟ ਆਉਣ ਤੇ ਹਾਊਸ ਦੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇ। ਤੱਦ ਤੱਕ ਇਸ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ।** |

## ਇਸ ਉਪਰੰਤ ਹੇਠ ਲਿਖੇ ਅਨੁਸਾਰ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ:

**ਏਜੰਡਾ ਨੰਬਰ 1 :**

ਰਿਪੋਰਟ ਬਾਗਬਾਨੀ ਸ਼ਾਖਾ ਕਿ ਸਮੂਹ ਮੁਹੱਲਾ ਨਿਵਾਸੀ ਨਵੀ ਬਸਤੀ ਵੱਲੋ ਬੇਨਤੀ ਕੀਤੀ ਗਈ ਹੈ ਕਿ ਗਲੀ ਨੰਬਰ 4 ਬੀ ਸਥਿਤ ਪਾਰਕ ਨੰ:100 ਦਾ ਨਾਮ ਤਬਦੀਲ ਕਰਕੇ ਹੇਠ ਲਿਖੇ ਨਾਮਾਂ ਵਿੱਚੋ ਇੱਕ ਰੱਖ ਦਿੱਤਾ ਜਾਵੇ:-

1. ਸ਼ਹੀਦ ਬੇਅੰਤ ਸਿੰਘ ਜੀ,
2. ਸ਼ਹੀਦ ਰਜੀਵ ਗਾਂਧੀ ਜੀ,
3. ਸ਼ਹੀਦ ਸੁਖਦੇਵ ਸਿੰਘ ਜੀ,

ਉਕਤ ਦੇ ਸੰਬਧੀ ਵਿਚ ਸਥਾਨਕ ਸਰਕਾਰ ਦੇ ਪੱਤਰ ਨੰ: 5/63/2013-4 ਸ ਸ 3/156760/1-3 ਮਿਤੀ 3 ਫਰਵਰੀ 2014 ਨਿਗਮ ਵੱਲੋਂ ਕਿਸੇ ਵੀ ਜਨਤਕ ਥਾਂ ਬਿਲਡਿੰਗ ਦਾ ਨਾਮ ਹੇਠ ਲਿਖੀਆਂ ਕੈਟਾਗਰੀਆਂ ਵਿਚੋਂ ਹੀ ਰੱਖਿਆ ਜਾ ਸਕੇਗਾ :-

(ੳ). ਅੰਤਰ-ਰਾਸ਼ਟਰੀ ਜਾਂ ਰਾਸ਼ਟਰੀ ਪੱਧਰ ਤੇ ਕੋਈ ਮੈਡਲ/ਅਵਾਰਡ ਪ੍ਰਾਪਤ ਵਿਅਕਤੀ।

. ਅੰਤਰ-ਰਾਸ਼ਟਰੀ ਜਾਂ ਰਾਸ਼ਟਰੀ ਪੱਧਰ ਤੇ ਕੋਈ ਮਾਨਤਾ (recognition) ਪ੍ਰਾਪਤ ਵਿਅਕਤੀ।

. ਗੰਲਟਰੀ ਅਵਾਰਡ ਪ੍ਰਾਪਤ ਵਿਅਕਤੀ।

. ਅਜਿਹੇ ਸੁੰਤਤਰਤਾ ਸੰਗਰਾਮੀ, ਜਿਨ੍ਹਾਂ ਨੂੰ ਭਾਰਤ ਸਰਕਾਰ/ਰਾਜ ਸਰਕਾਰ ਤੋਂ ਪੈਨਸ਼ਨ ਮਿਲਦੀ ਹੋਵੇ ਅਤੇ ਤਾਮਰ ਪੱਤਰ ਵੀ ਮਿਲਿਆ ਹੋਇਆ ਹੈ।

. ਅਜਿਹੇ ਸੁਤੰਤਰਤਾ ਸੰਗਰਾਮੀ, ਜਿਨ੍ਹਾਂ ਨੇ ਦੇਸ਼ ਲਈ ਕੁਰਬਾਨੀ ਦਿੱਤੀ ਹੋਵੇ।

. ਉਘੇ ਵਿਅਕਤੀ, ਜਿਨ੍ਹਾਂ ਨੇ ਸਮਾਜ ਦੀ ਭਲਾਈ - ਜਿਵੇਂ ਸਿਹਤ, ਸਿੱਖਿਆ, ਵਾਤਾਵਰਣ, ਗਰੀਬਾਂ ਦੀ ਸਹਾਇਤਾ ਆਦਿ - ਦੇ ਕੰਮਾਂ ਵਿੱਚ ਕੋਈ ਵਿਸ਼ੇਸ਼ ਯੋਗਦਾਨ ਪਾਇਆ ਹੋਵੇ, ਜਿਸ ਨੂੰ ਯਾਦ ਕੀਤਾ ਜਾਣਾ ਜ਼ਰੂਰੀ ਸਮਝਿਆ ਜਾਵੇ।

. ਕੋਈ ਹੋਰ ਉਘੀ ਸਖਸ਼ੀਅਤ, ਜੋ ਉਕਤ ਕੈਟਾਗਿਰੀਆਂ ਵਿੱਚ ਸ਼ਾਮਲ ਨਹੀਂ ਹੈ।

(ਅ) ਨਾਂ ਰੱਖਣ ਸਮੇਂ ਸਬੰਧਤ ਨਗਰ ਨਿਗਮ ਵੱਲੋਂ ਅੰਜਡਾ ਆਈਟਮ ਵਜੋਂ ਸਪੱਸ਼ਟ ਵਿਚਾਰ ਕੇ ਹੀ ਯੋਗ ਫੈਸਲਾ ਕੀਤਾ ਜਾਵੇਗਾ ਅਤੇ ਇਹ ਫੈਸਲਾ ਸਬੰਧਤ ਮਤੇ ਦੀ ਸਮਰੱਥ ਅਥਾਰਟੀ ਤੋਂ ਪ੍ਰਵਾਨਗੀ ਹੋਣ ਉਪਰੰਤ ਹੀ ਲਾਗੂ ਸਮਝਿਆ ਜਾਵੇਗਾ।

(ੲ) ਜੇਕਰ ਕਿਸੇ ਜਗ੍ਹਾ ਦੇ ਪਹਿਲਾਂ ਰੱਖੇ ਨਾਂ ਨੂੰ ਤਬਦੀਲ ਕਰਨਾ ਹੋਵੇ, ਤਾਂ ਅਜਿਹੀ ਤਜਵੀਜ਼ ਦਾ ਮਤਾ ਸਬੰਧਤ ਸੰਸਥਾ ਵੱਲੋਂ ਪਾਸ ਹੋਣ ਅਤੇ ਸਮਰੱਥ ਅਥਾਰਟੀ ਤੋਂ ਪ੍ਰਵਾਨ ਹੋਣ ਉਪਰੰਤ ਵੀ ਸਰਕਾਰ ਦੀ ਪ੍ਰਵਾਨਗੀ ਲੈਣੀ ਲਾਜ਼ਮੀ ਹੋਵੇਗੀ।

ਰਿਪੋਰਟ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 21:** | **ਪੈਡਿੰਗ ਰੱਖਿਆ ਜਾਂਦਾ ਹੈ।** |

**ਏਜੰਡਾ ਨੰਬਰ 2 :**

ਰਿਪੋਰਟ ਸਿਹਤ ਸ਼ਾਖਾ ਕਿ ਸ਼ਹਿਰ ਵਿੱਚ ਰੇਲਵੇ ਬਾਊਂਡਰੀ ਦੇ ਨਾਲ ਚਲਦੇ ਗੰਦੇ ਨਾਲੇ ਦੀ ਰੈਗੂਲਰ ਸਫਾਈ ਲਈ ਆਉਟਸੋਰਸ ਲੇਬਰ ਲੈਣ ਸਬੰਧੀ ਬੇਨਤੀ ਹੈ ਕਿ ਮਾਲ ਗੋਦਾਮ ਰੇਲਵੇ ਬਾਊਂਡਰੀ ਦੇ ਅੰਦਰ ਬਰਸਾਤੀ ਪਾਣੀ ਦੀ ਨਿਕਾਸੀ ਲਈ ਲਗਭਗ 2.5 ਕਿਲੋਮੀਟਰ ਲੰਬਾ ਅਤੇ 5 ਫੁੱਟ ਡੂੰਘਾ ਇੱਕ ਨਾਲਾ ਬਣਿਆ ਹੋਇਆ ਹੈ। ਇਹ ਨਾਲਾ ਰੇਲਵੇ ਬਾਊਂਡਰੀ ਅੰਦਰ ਮਾਲ ਗੋਦਾਮ ਰੋਡ, ਸਿਰਕੀ ਬਾਜਾਰ ਅਤੇ ਗਊਸ਼ਾਲਾ ਰੋਡ ਦੇ ਨਾਲ-2 ਚਲਦੇ ਹੋਏ ਸੰਜੇ ਨਗਰ ਪੌਂਡ ਤੱਕ ਜਾਂਦਾ ਹੈ। ਇਸ ਬਰਸਾਤੀ ਨਾਲੇ ਰਾਹੀਂ ਸ਼ਹਿਰ ਦੇ ਵੱਖ-2 ਇਲਾਕੇ ਜਿਵੇਂ ਕਿ ਅਮਰੀਕ ਸਿੰਘ ਰੋਡ, ਪੋਸਟ ਆਫਿਸ ਬਾਜਾਰ, ਸਿਰਕੀ ਬਾਜਾਰ, ਪਰਸਰਾਮ ਨਾਗਰ ਅਤੇ ਠੰਡੀ ਸੜਕ ਆਦਿ ਇਲਾਕਿਆਂ ਦੇ ਬਰਸਾਤੀ ਪਾਣੀ ਦੀ ਨਿਕਾਸੀ ਹੁੰਦੀ ਹੈ। ਬਠਿੰਡਾ ਸ਼ਹਿਰ ਦੀ ਭਗੋਲਿਕ ਸਥਿਤੀ ਦੇ ਅਨੁਸਾਰ ਪੂਰੇ ਸਾਲ ਵਿੱਚ ਲਗਭਗ 6 ਮਹੀਨਿਆਂ (ਜੂਨ, ਜੁਲਾਈ, ਅਗਸਤ, ਸਤੰਬਰ, ਦਸੰਬਰ, ਜਨਵਰੀ) ਦੇ ਦੌਰਾਨ ਬਰਸਾਤ ਦੀ ਸੰਭਾਵਨਾ ਰਹਿੰਦੀ ਹੈ। ਬਰਸਾਤ ਦੇ ਦੌਰਾਨ ਜਿੱਥੇ ਬਰਸਾਤੀ ਪਾਣੀ ਦੇ ਨਾਲ ਸ਼ਹਿਰ ਦੇ ਵੱਖ-2 ਇਲਾਕਿਆਂ ਦੀ ਨਾਲੇ ਵਿੱਚ ਸਿਲਟ ਜਮ੍ਹਾਂ ਹੁੰਦੀ ਹੈ, ਉੱਥੇ ਸੀਵਰ ਰਾਹੀਂ ਕੂੜਾ ਕਰਕਟ ਵੀ ਇਸ ਨਾਲੇ ਵਿੱਚ ਆ ਕੇ ਜਮ੍ਹਾਂ ਹੁੰਦਾ ਹੈ। ਕਿਉ ਕਿ ਉਸ ਤੋਂ ਇਲਾਵਾ ਇਹ ਗੰਦਾ ਨਾਲ ਸ਼ਹਿਰ ਦੇ ਮੁੱਖ ਬਾਜਾਰ ਜਿਵੇਂ ਕਿ ਸਿਰਕੀ ਬਾਜਾਰ, ਗਊਸ਼ਾਲਾ ਰੋਡ ਦੇ ਨਾਲ ਨਿਕਲਦਾ ਹੈ ਅਤੇ ਇਸ ਬਾਜਾਰ ਵਿੱਚ ਕਾਫੀ ਲੋਕ ਰੇਹੜੀਆਂ ਦਾ ਕੰਮ ਕਰਦੇ ਹਨ। ਜੋ ਕਿ ਚੋਰੀ-ਛੁੱਪੇ ਰਾਤ ਨੂੰ ਕੂੜਾ ਕਰਕਟ ਇਸ ਵਿੱਚ ਸੁੱਟ ਦਿੰਦੇ ਹਨ। ਇਸ ਤੋਂ ਇਲਾਵਾ ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਸ਼ਹਿਰ ਦੇ ਪਰਸਰਾਮ ਨਗਰ ਦੇ ਕੁੱਝ ਇਲਾਕੇ ਦੇ ਸੀਵਰ ਦਾ ਪਾਣੀ ਸਾਰਾ ਨਾਲ ਇਸ ਗੰਦੇ ਨਾਲੇ ਵਿੱਚ ਪੈਂਦਾ ਹੈ। ਇਸ ਲਈ ਬਰਸਾਤੀ 6 ਮਹੀਨਿਆਂ ਤੋਂ ਇਲਾਵਾ ਇਸ ਨਾਲੇ ਵਿਚੋਂ ਲਗਾਤਾਰ ਡੀ-ਸਿਲਟਿੰਗ ਅਤੇ ਕੂੜਾ ਕਰਕਟ ਕੱਢਣਾ ਪੈਂਦਾ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕੂੜੇ ਨਾਲ ਪਾਣੀ ਦੇ ਬਹਾਵ ਵਿੱਚ ਰੁਕਾਵਟ ਪੈਦਾ ਹੋ ਜਾਂਦੀ ਹੈ ਅਤੇ ਨਾਲੇ ਵਿੱਚੋਂ ਗੰਦੇ ਪਾਣੀ ਦੇ ਓਵਰਫਲੋਅ ਹੋਣ ਦਾ ਖਦਸਾ ਬਣਿਆ ਰਹਿੰਦਾ ਹੈ। ਕਿਉਂਕਿ ਇਸ ਨਾਲੇ ਵਿੱਚ ਪਾਣੀ ਦੀ ਲਗਾਤਾਰ ਨਿਕਾਸੀ ਹੁੰਦੀ ਹੈ ਅਤੇ ਇਸ ਵਿੱਚ ਸਲੱਸ਼ ਵੀ ਬਣ ਜਾਂਦੀ ਹੈ। ਇਸ ਸਲੱਸ਼ ਨੂੰ ਸਾਫ ਕਰਨ ਵਿੱਚ ਲੇਬਰ ਦਾ ਕਾਫੀ ਸਮਾਂ ਲੱਗਦਾ ਹੈ ਅਤੇ ਇਹ ਪੈਮਾਇਸ਼ ਯੋਗ ਭੀ ਨਹੀਂ ਹੈ। ਇਸ ਤੋਂ ਇਲਾਵਾ ਸਵੱਛ ਭਾਰਤ ਮਿਸ਼ਨ ਵਿੱਚ ਲੇਬਰ ਰਾਹੀਂ ਮਲਵਾ/ਕੂੜਾ ਚੁੱਕਣ ਅਤੇ ਐਤਵਾਰ ਜਾਂ ਛੁੱਟੀ ਵਾਲੇ ਦਿਨ **VIP's** ਦੇ **Visit** ਦੌਰਾਨ ਇਲਾਕਿਆਂ ਦੀ ਸਾਫ-ਸਫਾਈ ਦਾ ਕੰਮ ਵੀ ਲਿਆ ਜਾਂਦਾ ਹੈ। ਇਸ ਤਰ੍ਹਾਂ ਨਾਲ ਲਗਭਗ ਸਾਰਾ ਸਾਲ ਇਹਨਾਂ ਸਫਾਈ ਸੇਵਕਾਂ ਤੋਂ ਨਾਲੇ ਦੀ ਰੱਖ-ਰਖਾਵ/ ਸਵੱਛ ਭਾਰਤ ਮਿਸ਼ਨ/ਜਰੂਰਤ ਅਨੁਸਾਰ ਸ਼ਹਿਰ ਦੇ ਵੱਖ-2 ਇਲਾਕਿਆਂ ਵਿੱਚ ਸਫਾਈ ਕਰਾਉਣ ਲਈ ਵਰਤਿਆ ਜਾਂਦਾ ਹੈ।

ਉਪਰੋਕਤ ਕੰਮ ਦੇ ਸਬੰਧ ਵਿੱਚ ਪਹਿਲਾਂ ਭੀ ਇਸ ਦਫਤਰ ਵੱਲੋਂ ਹਾਊਸ ਦੇ ਮਤਾ ਨੰ.74 ਮਿਤੀ. 21.12.2018 ਰਾਹੀਂ ਮੁਬਲਿਗ 12,38,400/- ਰੁਪਏ ਦਾ ਐਸਟੀਮੇਟ ਪਾਸ ਕੀਤਾ ਗਿਆ ਸੀ। ਹੁਣ ਆਉਣ ਵਾਲੇ ਬਰਸਾਤਾਂ ਦੇ ਮੌਸਮ ਨੂੰ ਮੁੱਖ ਰੱਖਦੇ ਹੋਏ ਗੰਦੇ ਨਾਲੇ ਦੀ ਰੈਗੂਲਰ ਸਫਾਈ ਲਈ 10 ਸਫਾਈ ਸੇਵਕਾਂ ਦੀ ਲੋੜ ਹੈ ਜੋ ਕਿ ਆਉਟਸੋਰਸ ਪ੍ਰਣਾਲੀ ਰਾਹੀਂ ਲਏ ਜਾਣੇ ਹਨ। ਇਹਨਾਂ 10 ਸਫਾਈ ਸੇਵਕਾਂ ਨੂੰ 1 ਸਾਲ ਲਈ ਆਉਟਸੋਰਸ ਪ੍ਰਣਾਲੀ ਰਾਹੀਂ ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ ਜੀ ਵੱਲੋਂ ਪ੍ਰਵਾਨਤ ਉਜਰਤਾਂ ਅਨੁਸਾਰ ਤਖਮੀਨਾ ਮੁਬਲਿਗ 12,55,920/- ਰੁਪਏ ਤਿਆਰ ਕੀਤਾ ਗਿਆ ਹੈ।

ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਦੇ ਉਕਤ ਸਬੰਧੀ ਪੁੱਛਣ ਤੇ ਰਿਪੋਰਟ ਕੀਤੀ ਗਈ ਹੈ ਕਿ ਤਿੰਨ ਮਹੀਨੇ ਬਰਸਾਤਾਂ ਕਾਰਨ 10 ਕਰਮਚਾਰੀ ਆਉਟਸੋਰਸ ਪ੍ਰਣਾਲੀ ਨਾਲ ਰੱਖਣਾ ਜਰੂਰੀ ਹੈ। ਇਸ ਤੇ ਆਉਣ ਵਾਲੇ ਖਰਚੇ 3,13,980/- ਰੁਪਏ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| **ਮਤਾ ਨੰਬਰ 22:** | **ਪ੍ਰਵਾਨ ਹੈ।** |
|---|---|

**ਏਜੰਡਾ ਨੰਬਰ 3 :**

ਦਫਤਰੀ ਰਿਪੋਰਟ ਕਿ ਨਗਰ ਨਿਗਮ ਵਿਖੇ ਤਰਸ ਦੇ ਆਧਾਰ ਤੇ ਹੇਠ ਲਿਖੇ ਅਨੁਸਾਰ ਕਰਮਚਾਰੀਆਂ ਦੇ ਕੇਸਾਂ ਤੇ ਵਿਚਾਰ ਕੀਤਾ ਜਾਣਾ ਹੈ:-

**1.**

ਦਫਤਰੀ ਰਿਪੋਰਟ ਕਿ ਸਵ: ਸ਼੍ਰੀ ਦਿਆਲ ਚੰਦ ਪੁੱਤਰ ਕਿਸ਼ਨ ਲਾਲ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ । ਇਸ ਦੀ ਮਿਤੀ 27.07.2018 ਨੂੰ ਮੌਤ ਹੋ ਗਈ ਸੀ । ਇਸ ਦੇ ਪੁੱਤਰ ਸ਼੍ਰੀ ਰਾਹੁਲ ਕੁਮਾਰ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਰਾਹੁਲ ਕੁਮਾਰ ਪੁੱਤਰ ਦਿਆਲ ਚੰਦ ਵਲੋ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀ ਮਾਤਾ, ਇਕ ਭਰਾ ਅਤੇ ਦੋ ਸ਼ਾਦੀਸ਼ੁਦਾ ਭੈਣਾ ਹਨ। ਉਸਦਾ ਵੱਡਾ ਭਰਾ ਨਗਰ ਨਿਗਮ ਵਿਖੇ ਬਤੌਰ ਸਫਾਈ ਸੇਵਕ ਲੱਗਾ ਹੋਇਆ ਹੈ। ਜਿਹਨਾਂ ਸਾਰੀਆਂ ਨੇ ਸ਼੍ਰੀ ਰਾਹੁਲ ਕੁਮਾਰ ਨੂੰ ਨੌਕਰੀ ਦੇਣ ਲਈ ਇਤਰਾਜਹੀਨ

ਤਸਦੀਕ ਸ਼ੁਦਾ ਹਲਫੀਆ ਬਿਆਨ ਦਿੱਤਾ ਹੈ। ਹਲਫੀਆ ਬਿਆਨ ਅਨੁਸਾਰ ਉਹ ਆਪਣੇ ਪਿਤਾ ਨਾਲ ਕਿਰਾਏ ਦੇ ਮਕਾਨ ਵਿਚ ਪਹਿਲਾਂ ਹੀ ਅਲੱਗ ਰਹਿੰਦਾ ਸੀ ਅਤੇ ਉਹ ਆਪਣੇ ਪਿਤਾ ਤੇ ਹੀ ਨਿਰਭਰ ਸੀ। ਉਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ ਸ਼੍ਰੀ ਰਾਹੁਲ ਕੁਮਾਰ ਬਾਰਵੀਂ ਜਮਾਤ ਪਾਸ ਹੈ ਅਤੇ ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 10.11.1992 ਹੈ।

ਇਸ ਕੇਸ ਵਿੱਚ ਉਮੀਦਵਾਰ ਦਾ ਇੱਕ ਹੋਰ ਭਰਾ ਸਰਕਾਰੀ ਨੋਕਰੀ ਕਰਦਾ ਹੈ। ਸਰਕਾਰ ਦੇ ਪੱਤਰ ਮਿਤੀ 14.06.2004 ਅਨੁਸਾਰ ਅਜਿਹੇ ਕੇਸਾਂ ਵਿੱਚ ਸਰਕਾਰ ਦੀ ਪ੍ਰਵਾਨਗੀ ਲੈਣੀ ਲੋੜੀਂਦੀ ਹੈ। ਇਸ ਲਈ ਕੇਸ ਸਰਕਾਰ ਪਾਸ ਭੇਜੇ ਗਏ ਹਨ। ਸਰਕਾਰ ਵੱਲੋਂ ਪੱਤਰ ਮਿਤੀ 27.01.2020 ਰਾਹੀਂ ਸੂਚਿਤ ਕੀਤਾ ਗਿਆ ਹੈ ਕਿ ਹਾਊਸ ਤੋਂ ਮਤਾ ਪਾਸ ਕਰਵਾ ਕੇ ਭੇਜਿਆ ਜਾਵੇ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀ ਰਾਹੁਲ ਕੁਮਾਰ ਨੂੰ ਉਸਦੇ ਪਿਤਾ ਸ਼੍ਰੀ ਦਿਆਲ ਚੰਦ ਪੁੱਤਰ ਕਿਸ਼ਨ ਲਾਲ, ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

**2.**

ਦਫਤਰੀ ਰਿਪੋਰਟ ਕਿ ਸ਼੍ਰੀ ਲਛਮਨ ਦਾਸ ਪੁੱਤਰ ਕਜੋਰੀ ਲਾਲ, ਨਗਰ ਨਿਗਮ ਬਠਿੰਡਾ ਵਿਖੇ ਬਤੋਰ ਸਫਾਈ ਸੇਵਕ ਕੰਮ ਕਰਦਾ ਸੀ । ਜਿਸ ਦੀ ਮਿਤੀ 05.06.2019 ਨੂੰ ਮੌਤ ਹੋ ਗਈ ਸੀ । ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਰੋਹਿਤ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਰੋਹਿਤ ਪੁੱਤਰ ਸਵ: ਲਛਮਨ ਦਾਸ ਵੱਲੋ ਪੇਸ਼ ਹਲਫਿਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀ ਮਾਤਾ, ਇਕ ਭੈਣ ਅਤੇ ਦੋ ਭਰਾ ਹੈ ਜੋ ਕਿ ਵਿਆਹੀ ਹੋਏ ਹਨ। ਇਨ੍ਹਾਂ ਨੇ ਸ਼੍ਰੀ ਰੋਹਿਤ ਦੇ ਹਕ ਵਿਚ ਹਲਫੀਆ ਬਿਆਨ ਦਿੱਤਾ ਹੈ ਕਿ ਉਸਨੂੰ ਸਫਾਈ ਸੇਵਕ ਦੀ ਨੋਕਰੀ ਤੇ ਰੱਖਿਆ ਜਾਵੇ। ਇੱਥੇ ਇਹ ਦੱਸਣਯੋਗ ਹੈ ਕਿ ਰੋਹਿਤ ਪੁੱਤਰ ਸਵ: ਲਛਮਨ ਦਾਸ ਕਿਰਾਏ ਦੇ ਮਕਾਨ ਨੰ: 17526 ਗਲੀ ਨੰ: 17, ਖੱਦਰ ਭੰਡਾਰ ਵਾਲੀ ਗਲੀ, ਬੀਬੀ ਵਾਲਾ ਰੋਡ, ਬਠਿੰਡਾ ਵਿਖੇ ਰਹਿੰਦਾ ਹੈ। ਇਸ ਨੇ ਰੈਜੀਡੈਂਟ ਪਰੂਫ ਵੱਜੋਂ ਮਕਾਨ ਮਾਲਕ ਤੋਂ ਹਲਫੀਆ ਬਿਆਨ ਤਸਦੀਕ ਕਰਵਾ ਕੇ ਦਿੱਤਾ ਹੈ। ਹਲਫੀਆ ਬਿਆਨ ਅਨੁਸਾਰ ਸ਼੍ਰੀ ਰੋਹਿਤ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਰੋਹਿਤ ਆਪਣੇ ਪਿਤਾ ਨਾਲ ਰਹਿੰਦਾ ਸੀ ਅਤੇ ਪੂਰੀ ਤਰ੍ਹਾਂ ਆਪਣੇ ਪਿਤਾ ਤੇ ਹੀ ਨਿਰਭਰ ਸੀ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀ ਹੈ ਅਤੇ ਇਹਨਾਂ ਦੇ ਘਰ ਵਿਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ-ਸਰਕਾਰੀ ਨੋਕਰੀ ਨਹੀ ਕਰਦਾ ਹੈ। ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 15.08.1994 ਹੈ।

ਇਸ ਕੇਸ ਵਿੱਚ ਉਮੀਦਵਾਰ ਦੇ ਮਾਤਾ ਅਤੇ ਇੱਕ ਭਰਾ ਸਰਕਾਰੀ ਨੋਕਰੀ ਕਰਦੇ ਹਨ। ਸਰਕਾਰ ਦੇ ਪੱਤਰ ਮਿਤੀ 14.06.2004 ਅਨੁਸਾਰ ਅਜਿਹੇ ਕੇਸਾਂ ਵਿੱਚ ਸਰਕਾਰ ਦੀ ਪ੍ਰਵਾਨਗੀ ਲੈਣੀ ਲੋੜੀਂਦੀ ਹੈ। ਇਸ ਲਈ ਕੇਸ ਸਰਕਾਰ ਪਾਸ ਭੇਜੇ ਗਏ ਸਨ। ਸਰਕਾਰ ਵੱਲੋਂ ਪੱਤਰ ਮਿਤੀ 27.01.2020 ਰਾਹੀਂ ਸੂਚਿਤ ਕੀਤਾ ਗਿਆ ਹੈ ਕਿ ਹਾਊਸ ਤੋਂ ਮਤਾ ਪਾਸ ਕਰਵਾ ਕੇ ਭੇਜਿਆ ਜਾਵੇ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀ ਰੋਹਿਤ ਨੂੰ ਉਸਦੇ ਪਿਤਾ ਸਵ: ਲਛਮਨ ਦਾਸ ਪੁੱਤਰ ਕਜੋਰੀ ਲਾਲ, ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਲਈ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

**3.**

ਦਫਤਰੀ ਰਿਪੋਰਟ ਕਿ ਸ੍ਰੀਮਤੀ ਹੀਰਾ ਪਤਨੀ ਛੱਜੂ ਰਾਮ ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਿਕਾ ਕੰਮ ਕਰਦੀ ਸੀ । ਜਿਸ ਦੀ ਮਿਤੀ 15.10.2019 ਨੂੰ ਮੌਤ ਹੋ ਗਈ ਸੀ । ਮ੍ਰਿਤਕ ਕਰਮਚਾਰਨ ਦੇ ਪੁੱਤਰ ਸ਼੍ਰੀ ਗਿਰਾਜ ਕੁਮਾਰ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੀ ਮਾਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਗਿਰਾਜ ਕੁਮਾਰ ਪੁੱਤਰ ਛੱਜੂ ਰਾਮ ਵੱਲੋ ਪੇਸ਼ ਹਲਫਿਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੇ ਪਿਤਾ, ਦੋ ਭੈਣਾਂ ਅਤੇ ਦੋ ਭਰਾ ਹਨ ਜੋ ਕਿ ਵਿਆਹੇ ਹੋਏ ਹਨ। ਇਨ੍ਹਾਂ ਨੇ ਸ਼੍ਰੀ ਗਿਰਾਜ ਕੁਮਾਰ ਦੇ ਹਕ ਵਿਚ ਇਤਰਾਜਹੀਨਤਾ ਹਲਫੀਆ ਬਿਆਨ ਦਿੱਤਾ ਹੈ ਕਿ ਉਸਨੂੰ ਸਫਾਈ ਸੇਵਕ ਦੀ ਨੋਕਰੀ ਤੇ ਰੱਖਿਆ ਜਾਵੇ। ਹਲਫੀਆ ਬਿਆਨ ਅਨੁਸਾਰ ਸ਼੍ਰੀ ਗਿਰਾਜ ਕੁਮਾਰ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ।ਉਹ ਪੂਰੀ ਤਰ੍ਹਾਂ ਆਪਣੀ ਮਾਤਾ ਤੇ ਹੀ ਨਿਰਭਰ ਸੀ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀ ਹੈ ਅਤੇ ਇਹਨਾਂ ਦੇ ਘਰ ਵਿਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ-ਸਰਕਾਰੀ ਨੋਕਰੀ ਨਹੀ ਕਰਦਾ ਹੈ। ਹਲਫੀਆ ਬਿਆਨ ਅਨੁਸਾਰ ਗਿਰਾਜ ਕੁਮਾਰ ਆਪਣੇ ਪਿਤਾ ਛੱਜੂ ਰਾਮ ਦੀ ਦੇਖਭਾਲ ਕਰਨ ਦਾ ਪਾਬੰਦ ਹੋਵੇਗਾ। ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 05.01.1983 ਹੈ।

ਇਸ ਕੇਸ ਵਿੱਚ ਮ੍ਰਿਤਕ ਕਰਮਚਾਰਨ ਦਾ ਪਤੀ ਪੈਨਸ਼ਨਰ ਹੈ ਅਤੇ ਪਰਿਵਾਰ ਵਿੱਚੋਂ ਇੱਕ ਹੋਰ ਲੜਕਾ ਸਰਕਾਰੀ ਨੋਕਰੀ ਕਰਦਾ ਹੈ। ਸਰਕਾਰ ਦੇ ਪੱਤਰ ਮਿਤੀ 14.06.2004 ਅਨੁਸਾਰ ਅਜਿਹੇ ਕੇਸਾਂ ਵਿੱਚ ਸਰਕਾਰ ਦੀ ਪ੍ਰਵਾਨਗੀ ਲੈਣੀ ਲੋੜੀਂਦੀ ਹੈ। ਇਸ ਲਈ ਕੇਸ ਸਰਕਾਰ ਪਾਸ ਭੇਜੇ ਗਏ ਸਨ। ਸਰਕਾਰ ਵੱਲੋਂ ਪੱਤਰ ਮਿਤੀ 27.01.2020 ਰਾਹੀਂ ਸੁਚਿਤ ਕੀਤਾ ਗਿਆ ਹੈ ਕਿ ਹਾਊਸ ਤੋਂ ਮਤਾ ਪਾਸ ਕਰਵਾ ਕੇ ਭੇਜਿਆ ਜਾਵੇ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀ ਗਿਰਾਜ ਕੁਮਾਰ ਪੁੱਤਰ ਛੱਜੂ ਰਾਮ ਨੂੰ ਉਸਦੀ ਮਾਤਾ ਸਵ: ਹੀਰਾ ਪਤਨੀ ਛੱਜੂ ਰਾਮ ਸਫਾਈ ਸੇਵਿਕਾ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਲਈ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

**4.**

ਦਫਤਰੀ ਰਿਪੋਰਟ ਕਿ ਸਵ: ਸ਼੍ਰੀਮਤੀ ਸੰਤੋਸ਼ ਪਤਨੀ ਮੁਨਸ਼ੀ ਰਾਮ, ਨਗਰ ਨਿਗਮ ਬਠਿੰਡਾ ਵਿਖੇ ਬਤੋਰ ਸਫਾਈ ਸੇਵਿਕਾ ਕੰਮ ਕਰਦੀ ਸੀ । ਜਿਸ ਦੀ ਮਿਤੀ 01.08.2020 ਨੂੰ ਮੌਤ ਹੋ ਗਈ ਸੀ। ਮ੍ਰਿਤਕ ਕਰਮਚਾਰਨ ਦੇ ਪੁੱਤਰ ਸ਼੍ਰੀ ਪਵਨ ਕੁਮਾਰ ਪੁੱਤਰ ਮੁਨਸ਼ੀ ਰਾਮ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੀ ਮਾਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਪਵਨ ਕੁਮਾਰ ਪੁੱਤਰ ਮੁਨਸ਼ੀ ਰਾਮ ਵਲੋ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੇ ਪਿਤਾ, ਇਕ ਭੈਣ ਅਤੇ ਇਕ ਭਰਾ ਹੈ। ਹਲਫੀਆ ਬਿਆਨ ਅਨੁਸਾਰ ਦੋਨੋ ਭੈਣ ਭਰਾ ਵਿਆਹੇ ਹੋਏ ਹਨ। ਹਲਫੀਆ ਬਿਆਨ ਅਨੁਸਾਰ ਇਸ ਦੇ ਪਿਤਾ, ਭੈਣ ਅਤੇ ਭਰਾ ਵੱਲੋਂ ਇਤਰਾਜਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੀ ਪਵਨ ਕੁਮਾਰ ਨੂੰ ਤਰਸ ਦੇ ਅਧਾਰ ਤੇ ਉਸਦੀ ਮਾਤਾ ਦੀ ਨੋਕਰੀ ਦਿੱਤੀ ਜਾਵੇ। ਹਲਫੀਆ ਬਿਆਨ ਅਨੁਸਾਰ ਪਵਨ ਕੁਮਾਰ ਬੇਰੁਜਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ ਅਤੇ ਇਹ ਪੂਰੀ ਤਰ੍ਹਾ ਆਪਣੀ ਮਾਤਾ ਤੇ ਨਿਰਭਰ ਸੀ ਅਤੇ ਇਹਨਾਂ ਦੇ ਪਰਿਵਾਰ ਵਿਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ ਨੋਕਰੀ ਨਹੀਂ ਕਰਦਾ ਹੈ। ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 15.01.1985 ਹੈ। ਸ਼੍ਰੀ ਪਵਨ ਕੁਮਾਰ ਪੜਣਾ ਲਿਖਣਾ ਜਾਣਦਾ ਹੈ।

ਇਸ ਕੇਸ ਵਿੱਚ ਉਮੀਦਵਾਰ ਦੇ ਪਿਤਾ ਨਗਰ ਨਿਗਮ ਤੋਂ ਪੈਨਸ਼ਨਰ ਹਨ। ਸਰਕਾਰ ਦੇ ਪੱਤਰ ਮਿਤੀ 14.06.2004 ਅਨੁਸਾਰ ਅਜਿਹੇ ਕੇਸਾਂ ਵਿੱਚ ਸਰਕਾਰ ਦੀ ਪ੍ਰਵਾਨਗੀ ਲੈਣੀ ਲੋੜੀਂਦੀ ਹੈ। ਇਸ ਲਈ ਕੇਸ ਸਰਕਾਰ ਪਾਸ ਭੇਜੇ ਗਏ ਸਨ। ਸਰਕਾਰ ਵੱਲੋਂ ਪੱਤਰ ਮਿਤੀ 27.01.2020 ਰਾਹੀਂ ਸੁਚਿਤ ਕੀਤਾ ਗਿਆ ਹੈ ਕਿ ਹਾਊਸ ਤੋਂ ਮਤਾ ਪਾਸ ਕਰਵਾ ਕੇ ਭੇਜਿਆ ਜਾਵੇ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ

ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਸ਼੍ਰੀ ਪਵਨ ਕੁਮਾਰ ਦੇ ਪਿਤਾ ਸ਼੍ਰੀ ਮੁਨਸ਼ੀ ਰਾਮ ਨਗਰ ਨਿਗਮ ਵਿਖੇ ਪੈਨਸ਼ਨਰ ਹਨ। ਅਜਿਹੇ ਕੇਸ ਪਹਿਲਾਂ ਵੀ ਸਰਕਾਰ ਪਾਸ ਅਗਵਾਈ ਲਈ ਭੇਜੇ ਗਏ ਹਨ। ਇਸ ਲਈ ਸ਼੍ਰੀ ਪਵਨ ਕੁਮਾਰ ਨੂੰ ਉਸਦੀ ਮਾਤਾ ਸਵ: ਸੰਤੋਸ਼ ਪਤਨੀ ਮੁਨਸ਼ੀ ਰਾਮ ਸਫਾਈ ਸੇਵਿਕਾ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਕ ਨਿਯੁਕਤ ਕਰਨ ਵਾਸਤੇ ਕੇਸ ਅਗਵਾਈ ਲਈ ਸਰਕਾਰ ਪਾਸ ਭੇਜਣ ਹਿੱਤ ਰਿਪੋਰਟ ਪੇਸ਼ ਹੈ ਜੀ।

**5.**

ਦਫਤਰੀ ਰਿਪੋਰਟ ਕਿ ਸ਼੍ਰੀ ਸੁਲਤਾਨ ਪੁੱਤਰ ਪਿਆਰੇ ਲਾਲ ਨਗਰ ਨਿਗਮ ਬਠਿੰਡਾ ਵਿਖੇ ਬਤੋਰ ਸਫਾਈ ਸੇਵਕ ਕੰਮ ਕਰਦਾ ਸੀ । ਜਿਸ ਦੀ ਮਿਤੀ 29.05.2019 ਨੂੰ ਮੌਤ ਹੋ ਗਈ ਸੀ । ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਨਾਥ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਨਾਥ ਪੁੱਤਰ ਸਵ: ਸੁਲਤਾਨ ਵੱਲੋ ਪੇਸ਼ ਹਲਫਿਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀ ਮਾਤਾ, ਚਾਰ ਭਰਾ ਅਤੇ ਤਿੰਨ ਭੈਣਾ ਹਨ। ਇਨ੍ਹਾਂ ਸਾਰੀਆਂ ਨੇ ਸ਼੍ਰੀ ਨਾਥ ਪੁੱਤਰ ਸੁਲਤਾਨ ਦੇ ਹਕ ਵਿਚ ਇਤਰਾਜਹੀਨਤਾ ਹਲਫੀਆ ਬਿਆਨ ਦਿੱਤਾ ਹੈ ਕਿ ਉਸਨੂੰ ਸਫਾਈ ਸੇਵਕ ਦੀ ਨੋਕਰੀ ਤੇ ਰੱਖਿਆ ਜਾਵੇ। ਹਲਫੀਆ ਬਿਆਨ ਅਨੁਸਾਰ ਸ਼੍ਰੀ ਨਾਥ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਸ਼੍ਰੀ ਨਾਥ ਆਪਣੇ ਪਿਤਾ ਨਾਲ ਰਹਿੰਦਾ ਸੀ ਅਤੇ ਪੂਰੀ ਤਰ੍ਹਾਂ ਆਪਣੇ ਪਿਤਾ ਤੇ ਹੀ ਨਿਰਭਰ ਸੀ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀ ਹੈ ਅਤੇ ਇਹਨਾਂ ਦੇ ਘਰ ਵਿਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ-ਸਰਕਾਰੀ ਨੋਕਰੀ ਨਹੀ ਕਰਦਾ ਹੈ। ਇੱਥੇ ਇਹ ਦੱਸਣਯੋਗ ਹੈ ਕਿ ਸ਼੍ਰੀ ਨਾਥ ਪੁੱਤਰ ਸਵ: ਸੁਲਤਾਨ ਮਕਾਨ ਨੰ: 12710 ਗਲੀ ਨੰ: 16, ਸੰਜੇ ਨਗਰ ਬਠਿੰਡਾ ਵਿਖੇ ਰਹਿੰਦਾ ਹੈ। ਇਸ ਨੇ ਰੈਜੀਡੈਂਟ ਪਰੂਫ ਵੱਜੋਂ ਕੌਂਸਲਰ ਤੋਂ ਹਲਫੀਆ ਬਿਆਨ ਤਸਦੀਕ ਕਰਵਾ ਕੇ ਦਿੱਤਾ ਹੈ। ਹਲਫੀਆ ਬਿਆਨ ਅਨੁਸਾਰ ਸ਼੍ਰੀ ਨਾਥ ਆਪਣੀ ਮਾਤਾ ਦੀ ਦੇਖਭਾਲ ਕਰਨ ਦਾ ਪਾਬੰਦ ਹੋਵੇਗਾ। ਹਲਫੀਆ ਬਿਆਨ ਅਨੁਸਾਰ ਉਸਦੀ ਜਨਮ ਮਿਤੀ 15.01.1987 ਹੈ।

ਇਸ ਕੇਸ ਵਿੱਚ ਉਮੀਦਵਾਰ ਦੇ ਦੋ ਸਗੇ ਭਰਾ ਨਗਰ ਨਿਗਮ ਵਿਖੇ ਬਤੋਰ ਦਿਹਾੜੀਦਾਰ ਸਫਾਈ ਸੇਵਕ ਕੰਮ ਕਰ ਰਹੇ ਹਨ। ਸਰਕਾਰ ਦੇ ਪੱਤਰ ਮਿਤੀ 14.06.2004 ਅਨੁਸਾਰ ਅਜਿਹੇ ਕੇਸਾਂ ਵਿੱਚ ਸਰਕਾਰ ਦੀ ਪ੍ਰਵਾਨਗੀ ਲੈਣੀ ਲੋੜੀਂਦੀ ਹੈ। ਇਸ ਲਈ ਕੇਸ ਸਰਕਾਰ ਪਾਸ ਭੇਜੇ ਗਏ ਸਨ। ਸਰਕਾਰ ਵੱਲੋਂ ਪੱਤਰ ਮਿਤੀ 27.01.2020 ਰਾਹੀਂ ਸੁਚਿਤ ਕੀਤਾ ਗਿਆ ਹੈ ਕਿ ਹਾਊਸ ਤੋਂ ਮਤਾ ਪਾਸ ਕਰਵਾ ਕੇ ਭੇਜਿਆ ਜਾਵੇ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀ ਨਾਥ ਨੂੰ ਉਸਦੇ ਪਿਤਾ ਸਵ: ਸੁਲਤਾਨ ਪੁੱਤਰ ਪਿਆਰੇ ਲਾਲ, ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਲਈ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 23:** | **ਪ੍ਰਵਾਨ ਹੈ।** |

**ਏਜੰਡਾ ਨੰਬਰ 4 :**

ਰਿਪੋਰਟ ਰੈਂਟ ਸ਼ਾਖਾ ਕਿ **ਪਬਲਿਕ ਲਾਇਬ੍ਰੇਰੀ** (ਰਜਿ.) **ਵਾਲੀ ਜਗ੍ਹਾ** (1840 ਵ.ਗਜ) **ਸਾਲ** 1965 **ਵਿੱਚ ਲੀਜ਼ ਤੇ ਦਿੱਤੀ ਗਈ ਸੀ। ਸਮੇਂ ਸਮੇਂ ਸਿਰ ਇਸ ਸੰਸਥਾ ਦੀ ਲੀਜ਼ ਮਿਆਦ ਵਿੱਚ ਵਾਧਾ ਕੀਤਾ ਜਾਂਦਾ ਰਿਹਾ ਹੈ ਅਤੇ ਮਿਤੀ** 31/03/2003 **ਨੂੰ ਇਸ ਸੰਸਥਾ ਦੀ ਲੀਜ਼ ਮਨੀ** 720/- **ਰੁਪਏ ਸਲਾਨਾ ਸੀ। ਪਬਲਿਕ ਲਾਇਬ੍ਰੇਰੀ** (ਰਜਿ.) **ਦੇ ਨੁਮਾਇੰਦਿਆ ਵੱਲੋਂ ਮਿਤੀ** 31/03/2003 **ਨੂੰ ਲੀਜ਼ ਮਿਆਦ ਅੱਗੇ ਵਧਾਉਣ ਲਈ ਦਿੱਤੀ ਦਰਖਾਸਤ ਸਮੇਂ ਰਿਕਾਰਡ ਤੇ**

ਇਹ ਗੱਲ ਸਾਹਮਣੇ ਆਈ ਕਿ ਪਬਲਿਕ ਲਾਇਬ੍ਰੇਰੀ ਨੂੰ ਲੀਜ਼ ਤੇ ਦਿੱਤੀ ਜਗ੍ਹਾ ਤੇ ਸੰਸਥਾ ਵੱਲੋਂ 33 ਅਣ ਅਧਿਕਾਰਤ ਦੁਕਾਨਾਂ ਬਣਾ ਕੇ ਅੱਗੇ ਕਿਰਾਏ ਤੇ ਦਿੱਤੀਆ ਹੋਈਆ ਹਨ, ਜਿਸ ਕਰਕੇ ਨਿਗਮ ਵੱਲੋਂ ਬਾ-ਅਦਾਲਤ ਕੁਲੈਕਟਰ ਕਮ ਉਪ ਮੰਡਲ ਮੈਜਿਸਟ੍ਰੇਟ ਬਠਿੰਡਾ ਦੀ ਅਦਾਲਤ ਵਿਖੇ ਪੀ.ਪੀ. ਐਕਟ ਅਧੀਨ ਕੇਸ ਦਾਇਰ ਕੀਤਾ ਗਿਆ। ਮਾਨਯੋਗ ਅਦਾਲਤ ਵੱਲੋਂ ਮਿਤੀ 28/04/2006 ਨੂੰ ਫੈਸਲਾ ਸੁਣਾਇਆ ਗਿਆ ਕਿ "ਪਬਲਿਕ ਲਾਇਬ੍ਰੇਰੀ ਨਾਲ ਬਠਿੰਡਾ ਸ਼ਹਿਰ ਦੇ ਲੋਕਾਂ ਦੇ ਹਿੱਤ ਜੁੜੇ ਹੋਏ ਹਨ। ਪਬਲਿਕ ਲਾਇਬ੍ਰੇਰੀ ਕਿਸੇ ਇੱਕ ਦੀ ਨਿੱਜੀ ਜਾਇਦਾਦ ਨਹੀਂ ਹੈ। ਦੁਕਾਨਾਂ ਦੀ ਤਾਮੀਰ ਬਹੁਤ ਪਹਿਲਾਂ ਦੀ ਹੈ। ਕਮੇਟੀ ਵੱਲੋਂ ਉਸ ਸਮੇਂ ਕਾਰਵਾਈ ਕਰਨੀ ਬਣਦੀ ਸੀ। ਇਸ ਲਈ ਹਦਾਇਤ ਕੀਤੀ ਕਿ ਨਿਗਮ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਪਬਲਿਕ ਲਾਇਬ੍ਰੇਰੀ ਦੀ ਨੁਮਾਇੰਦਿਆਂ ਨਾਲ ਗੱਲਬਾਤ ਰਾਹੀਂ ਇਕਰਾਰਨਾਮਾ ਕਰੇ"। ਇਸ ਤੋਂ ਬਾਅਦ ਨਿਗਮ ਹਾਊਸ ਵੱਲੋਂ ਮਤਾ ਨੰ. 96 ਮਿਤੀ 10/09/2009 ਰਾਹੀਂ ਪਬਲਿਕ ਲਾਇਬ੍ਰੇਰੀ ਵਾਲੀ ਜਗ੍ਹਾ ਦੀ ਲੀਜ਼ ਵਧਾਉਣਾ ਪ੍ਰਵਾਨ ਕੀਤਾ ਗਿਆ। ਨਿਗਮ ਹਾਊਸ ਵੱਲੋਂ ਇਸ ਸੰਸਥਾ ਦੀ ਮਿਤੀ 01/04/2003 ਤੋਂ ਹਰ ਤਿੰਨ ਸਾਲ ਬਾਅਦ 20% ਵਾਧੇ ਨਾਲ ਲੀਜ਼ ਮਿਆਦ ਵਿੱਚ ਵਾਧਾ ਕੀਤਾ ਜਾਂਦਾ ਰਿਹਾ ਹੈ ਅਤੇ ਨਿਗਮ ਹਾਊਸ ਵੱਲੋਂ ਮਤਾ ਨੰ. 351 ਤੀ 08/10/2012 ਰਾਹੀਂ ਮਿਤੀ 01/04/2012 ਤੋਂ 31/03/2015 ਤੱਕ 2154/- ਰੁਪਏ ਸਲਾਨਾ ਦਰ ਨਾਲ ਲੀਜ਼ ਸੰਸਥਾ ਦੀ ਲੀਜ਼ ਮਿਆਦ ਵਧਾਈ ਗਈ ਸੀ।

ਇਹ ਕਿ ਪਬਲਿਕ ਲਾਇਬ੍ਰੇਰੀ (ਰਜਿ.) ਬਠਿੰਡਾ ਵਲੋਂ ਮਿਤੀ 31/03/2015 ਤੋਂ ਸੰਸਥਾ ਦੀ ਲੀਜ ਅੱਗੇ ਵਧਾਉਣ ਲਈ ਫਿਰ ਦਰਖਾਸਤ ਦਿੱਤੀ ਗਈ। ਪਬਲਿਕ ਲਾਇਬ੍ਰੇਰੀ ਵੱਲੋਂ ਨਗਰ ਨਿਗਮ ਦੀ ਆਗਿਆ ਤੋਂ ਬਿਨਾਂ ਅਣ ਅਧਿਕਾਰਤ ਤੌਰ ਤੇ 33 ਦੁਕਾਨਾਂ ਅੱਗੇ ਕਿਰਾਏ ਤੇ ਦੇਣ ਸਬੰਧੀ ਬਾ-ਅਦਾਲਤ ਕੁਲੈਕਟਰ ਕਮ ਉਪ ਮੰਡਲ ਮੈਜਿਸਟਰੇਟ, ਬਠਿੰਡਾ ਵੱਲੋਂ ਪੀ.ਪੀ.ਐਕਟ ਅਧੀਨ ਦਾਇਰ ਕੀਤੇ ਕੇਸ ਵਿੱਚ ਮਿਤੀ 28/06/2006 ਨੂੰ ਸੁਣਾਏ ਫੈਸਲੇ ਅਤੇ ਇਸ ਸਬੰਧੀ ਅਕਾਊਟੈਂਟ ਜਨਰਲ ਆਡਿਟ ਪੰਜਾਬ ਦੇ ਆਡਿਟ ਇਤਰਾਜ ਦਾ ਹਵਾਲਾ ਦੇ ਕੇ ਇਹ ਕੇਸ ਨਗਰ ਨਿਗਮ ਦੇ ਜਨਰਲ ਹਾਊਸ ਵਿੱਚ ਮਤਾ ਨੰ. 20(14) ਮਿਤੀ 01/06/2015 ਰਾਹੀਂ ਰੱਖਿਆ ਗਿਆ ਹੈ। ਇਹ ਮਾਮਲਾ ਨਿਗਮ ਹਾਊਸ ਵੱਲੋਂ ਪੈਡਿੰਗ ਰੱਖ ਲਿਆ ਹੈ। ਇਸ ਦੌਰਾਨ ਡਿਪਟੀ ਕਮਿਸ਼ਨਰ ਬਠਿੰਡਾ ਵੱਲੋ ਪਬਲਿਕ ਲਾਇਬ੍ਰੇਰੀ ਵਿਰੁੱਧ ਕੀਤੀ ਸ਼ਿਕਾਇਤ ਦੀ ਪੜਤਾਲ ਕਰਨ ਲਈ ਕਮਿਸ਼ਨਰ ਨਗਰ ਨਿਗਮ ਬਠਿੰਡਾ ਨੂੰ ਲਿਖਿਆ ਗਿਆ ਸੀ। ਕਮਿਸ਼ਨਰ ਨਗਰ ਨਿਗਮ ਬਠਿੰਡਾ ਵੱਲੋਂ ਸ਼ਿਕਾਇਤ ਦੀ ਪੜਤਾਲ ਕਰਨ ਉਪਰੰਤ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਪੱਤਰ ਨੰ. 3336/ਰੈਂਟ ਮਿਤੀ 17/09/2015 ਨੂੰ ਪੜਤਾਲ ਰਿਪੋਰਟ ਭੇਜਦੇ ਹੋਏ ਇਹ ਗੱਲ ਮੁੜ ਰਿਕਾਰਡ ਤੇ ਆਈ ਕਿ ਪਬਲਿਕ ਲਾਇਬ੍ਰੇਰੀ ਵੱਲੋਂ ਅਣ ਅਧਿਕਾਰਤ ਦੁਕਾਨਾਂ ਜੋ ਕਿ ਵੱਖ-ਵੱਖ ਕਿਰਾਏਦਾਰਾਂ ਨੂੰ ਅੱਗੇ ਕਿਰਾਏ ਤੇ ਦਿੱਤੀਆਂ ਹੋਈਆ ਹਨ, ਤੋਂ 10 ਲੱਖ ਰੁਪਏ ਸਲਾਨਾ ਆਮਦਨ ਹੋ ਰਹੀ ਹੈ। ਇਸ ਉਪਰੰਤ ਨਿਗਮ ਦਫਤਰ ਵੱਲੋਂ ਨਿਗਮ ਹਾਊਸ ਦੀ ਮੀਟਿੰਗ ਮਿਤੀ 14/12/2015 ਨੂੰ ਇਹ ਤਜਵੀਜ ਕੀਤਾ ਗਿਆ ਕਿ ਸੰਸਥਾ ਦੇ ਕਿਰਾਏਦਾਰਾਂ ਨਾਲ ਨਿਗਮ ਇਕਰਾਰਨਾਮਾ ਕਰਕੇ ਖੁਦ ਕਿਰਾਇਆ ਵਸੂਲ ਕਰੇ ਅਤੇ ਪਬਲਿਕ ਲਾਇਬ੍ਰੇਰੀ ਨੂੰ ਚਲਾਉਣ ਲਈ ਸਮੇਂ-ਸਮੇਂ ਸਿਰ ਢੁੱਕਵੀਂ ਗਰਾਂਟ ਦੇ ਦਿਆ ਕਰੇ। ਦੁਕਾਨਾਂ ਵਾਲੀ ਜਗ੍ਹਾ ਨੂੰ ਛੱਡ ਕੇ ਬਾਕੀ ਜਗ੍ਹਾ ਦੀ ਲੀਜ਼ ਮਿਆਦ ਮਿਤੀ 01/04/2015 ਤੋਂ 31/03/2018 ਤੱਕ 3 ਸਾਲ ਦੇ ਸਮੇਂ ਲਈ ਪੁਰਾਣੀ ਸਲਾਨਾ ਲੀਜ਼ ਮਨੀ 2154/- ਰੁਪਏ ਵਿੱਚ 20% ਵਾਧਾ ਕਰ ਕੇ ਲੀਜ਼ ਮਿਆਦ ਵਧਾ ਦਿੱਤੀ ਜਾਵੇ। ਇਸ ਤਜਵੀਜ ਤੇ ਨਿਗਮ ਹਾਊਸ ਵੱਲੋਂ ਮਤਾ ਨੰ. 83 ਰਾਹੀਂ ਪਾਸ ਕੀਤਾ ਗਿਆ ਕਿ "ਪਬਲਿਕ ਲਾਇਬ੍ਰੇਰੀ ਵੱਲੋਂ ਅਣ ਅਧਿਕਾਰਤ ਤੌਰ ਤੇ ਬਣਾਈਆਂ 33 ਦੁਕਾਨਾਂ ਅਤੇ ਮਿਤੀ 01/04/2015 ਤੋਂ 31/03/2018 ਤੱਕ ਦੇ ਸਮੇਂ ਲਈ ਮਿਆਦ ਵਧਾਉਣ ਸਬੰਧੀ ਕੋਈ ਫੈਸਲਾ ਲੈਣ ਖਾਤਰ ਸ਼੍ਰੀ ਮਤੀ ਗੁਰਿੰਦਰਪਾਲ ਕੌਰ ਮਾਂਗਟ, ਡਿਪਟੀ ਮੇਅਰ ਸ਼੍ਰੀ ਰਾਜਵਿੰਦਰ

ਸਿੰਘ ਸਿੱਧੂ, ਕੌਸਲਰ ਅਤੇ ਸ਼੍ਰੀ ਅਨਿਲ ਗੁਪਤਾ ਐਡਵੋਕੇਟ ਦੀ ਤਿੰਨ ਮੈਂਬਰੀ ਕਮੇਟੀ ਬਣਾਈ ਜਾਂਦੀ ਹੈ। ਇਸ ਕਮੇਟੀ ਦੀ ਰਿਪੋਰਟ ਹਾਊਸ ਵਿੱਚ ਪੇਸ਼ ਕੀਤੀ ਜਾਵੇ। ਤਦ ਤੱਕ ਲਈ ਪੈਡਿੰਗ ਰੱਖਿਆ ਜਾਂਦਾ ਹੈ"। ਨਿਗਮ ਹਾਊਸ ਦੇ ਉਕਤ ਮਤਾ ਨੰ. 83 ਮਿਤੀ 14/12/2015 ਅਧੀਨ ਬਣਾਈ ਤਿੰਨ ਮੈਂਬਰੀ ਕਮੇਟੀ ਵੱਲੋਂ ਨਿਗਮ ਦਫਤਰ ਵਿਖੇ ਪਬਲਿਕ ਲਾਇਬ੍ਰੇਰੀ ਦਾ ਮਸਲਾ ਹੱਲ ਕਰਨ ਲਈ ਕਈ ਵਾਰ ਮੀਟਿੰਗਾਂ ਕੀਤੀਆਂ ਗਈਆਂ। ਪਰੰਤੂ ਪਬਲਿਕ

ਲਾਇਬ੍ਰੇਰੀ ਦੇ ਨੁਮਾਇੰਦਿਆ ਵੱਲੋਂ ਸਹਿਯੋਗ ਨਾ ਕਰਨ ਕਰਕੇ ਇਹਨਾਂ ਮੀਟਿੰਗਾਂ ਵਿੱਚ ਇਸ ਮਸਲੇ ਸਬੰਧੀ ਕੋਈ ਫੈਸਲਾ ਨਹੀਂ ਹੋ ਸਕਿਆ।

ਅਕਾਉਂਟੈਂਟ ਜਨਰਲ ਪੰਜਾਬ ਦੇ ਆਡਿਟ ਵਿਭਾਗ ਵੱਲੋਂ ਲਗਾਏ ਗਏ ਇਤਰਾਜ ਦੇ ਸਬੰਧ ਵਿੱਚ ਡਾਇਰੈਕਟਰ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ ਵੱਲੋਂ ਆਡਿਟ ਪੈਰਾ ਨੰ. 4.5 ਸਬੰਧੀ ਮੰਗੀ ਗਈ ਰਿਪੋਰਟ ਤੇ ਨਿਗਮ ਦਫਤਰ ਵੱਲੋਂ ਪੱਤਰ ਨੰ. 2657/ਆਰ ਮਿਤੀ 15/10/2020 ਰਾਹੀਂ ਲਿਖਿਆ ਗਿਆ ਕਿ ਸਥਾਨਕ ਸਰਕਾਰ ਵਿਭਾਗ ਵੱਲੋਂ ਨੋਟੀਫਿਕੇਸ਼ਨ ਨੰ. 12-ਪੀ.ਐਲ.ਏ-2020/13 ਮਿਤੀ 03/03/2020 ਨੂੰ ਜਾਰੀ ਕੀਤਾ ਹੈ ਕਿ ਸਥਾਨਕ ਸੰਸਥਾਵਾਂ ਦੀਆਂ ਜਾਇਦਾਤਾਂ ਦੁਕਾਨਾ ਦੇ ਕਿਰਾਏਦਾਰ ਜਾਂ ਕਾਬਜਕਾਰ ਜੋ ਇਸ ਨੋਟੀਫਿਕੇਸ਼ਨ ਦੀ ਮਿਤੀ ਤੋਂ 12 ਸਾਲਾਂ ਜਾਂ ਇਸ ਤੋਂ ਵੱਧ ਸਮੇਂ ਦੇ ਕਿਰਾਏਦਾਰ ਜਾਂ ਕਾਬਜਕਾਰ ਹਨ, ਉਹਨਾਂ ਨੂੰ ਸਰਕਾਰ ਵੱਲੋਂ ਨਿਰਧਾਰਿਤ ਨਿਯਮਾਂ ਅਨੁਸਾਰ ਮਾਲਕਾਨਾ ਹੱਕ ਦਿੱਤੇ ਜਾਣੇ ਹਨ। ਪਬਲਿਕ ਲਾਇਬ੍ਰੇਰੀ ਦੀਆਂ ਅਣ ਅਧਿਕਾਰਤ ਦੁਕਾਨਾ ਦਾ ਮਸਲਾ ਇਸ ਪਾਲਿਸੀ ਵਿੱਚ ਵਿਚਾਰਨ ਲਈ ਨਗਰ ਨਿਗਮ ਦਫਤਰ ਦੇ ਲੀਗਲ ਐਡਵਾਈਜਰ ਨਾਲ ਕਾਨੂੰਨੀ ਪੱਖ ਤੋਂ ਵਿਚਾਰ ਕੀਤਾ ਜਾ ਰਿਹਾ ਹੈ।

ਪਬਲਿਕ ਲਾਇਬ੍ਰੇਰੀ (ਰਜਿ.) ਬਠਿੰਡਾ ਦੇ ਪ੍ਰਧਾਨ ਵੱਲੋਂ ਨਗਰ ਨਿਗਮ ਦੀ ਡਾਇਰੀ ਨੰ. 2001 ਮਿਤੀ 09/06/2020 ਰਾਹੀਂ ਦਰਖਾਸਤ ਦੇ ਕੇ ਪਬਲਿਕ ਲਾਇਬ੍ਰੇਰੀ ਦੀ ਮਿਆਦ ਵਧਾਉਣ ਲਈ ਬੇਨਤੀ ਕੀਤੀ ਹੈ ਕਿ ਇਹ ਸੰਸਥਾ ਰਜਿ. ਸੁਸਾਇਟੀ ਹੈ। ਇਸ ਲਾਇਬ੍ਰੇਰੀ ਵਿੱਚ ਕਾਫੀ ਤੈਦਾਦ ਵਿੱਚ ਕਿਤਾਬਾਂ ਹਨ ਅਤੇ ਮਹੀਨਾਵਾਰੀ/ਹਫਤਾਵਾਰੀ ਰਸਾਲੇ ਆਉਂਦੇ ਹਨ। ਇਹ ਲਾਇਬ੍ਰੇਰੀ ਪੰਜਾਬ ਦੀਆਂ ਵੱਡੀਆਂ ਲਾਇਬ੍ਰੇਰੀਆਂ ਵਿੱਚੋਂ ਇੱਕ ਹੈ, ਇਸ ਲਾਇਬ੍ਰੇਰੀ ਦੇ ਲਗਭਗ 3000 ਰੀਡਰ ਮੈਂਬਰ ਹਨ ਅਤੇ ਰੋਜਾਨਾ 500-600 ਪਾਠਕ ਆਉਂਦੇ ਹਨ। ਲੜਕੇ ਅਤੇ ਲੜਕੀਆਂ ਲਈ ਬੈਠਣ ਦੀ ਅਲੱਗ-ਅਲੱਗ ਵਿਵਸਥਾ ਹੈ ਅਤੇ ਕੰਪੀਟੀਸ਼ਨਾਂ ਦੀ ਤਿਆਰੀ ਲਈ ਇੰਟਰਨੈੱਟ ਦੀ ਸੁਵਿਧਾ ਮੁਫਤ ਦਿੱਤੀ ਗਈ ਹੈ। ਇਸ ਲਈ ਲੋਕ ਹਿੱਤਾ ਨੂੰ ਦੇਖਦੇ ਹੋਏ ਲਾਇਬ੍ਰੇਰੀ ਦੀ ਲੀਜ਼ ਮਿਆਦ ਮਿਤੀ 31/03/2015 ਤੋਂ ਅੱਗੇ ਵਧਾਈ ਜਾਵੇ।

ਉਕਤ ਅਤੇ ਨਿਗਮ ਹਾਊਸ ਦੇ ਮਤਾ ਨੰ. 83 ਮਿਤੀ 14/12/2015 ਨੂੰ ਮੱਦੇਨਜਰ ਰੱਖਦੇ ਹੋਏ ਤਜਵੀਜ ਕੀਤਾ ਜਾਂਦਾ ਹੈ ਕਿ ਸੰਸਥਾ ਦੇ ਕਿਰਾਏਦਾਰਾਂ ਨਾਲ ਨਿਗਮ ਇਕਰਾਰਨਾਮਾ ਕਰ ਕੇ ਦੁਕਾਨਾਂ ਦਾ ਕਿਰਾਇਆ ਖੁਦ ਵਸੂਲ ਕਰੇ ਅਤੇ ਦੁਕਾਨਾਂ ਦੇ ਮਸਲੇ ਨੂੰ ਸਰਕਾਰ ਵੱਲੋਂ ਜਾਰੀ ਕੀਤੇ ਨੋਟੀਫਿਕੇਸ਼ਨ ਨੰ. 12-ਪੀ.ਐਲ.ਏ-2020/13 ਮਿਤੀ 03/03/2020 ਵਿੱਚ ਕਵਰ ਕਰ ਲਿਆ ਜਾਵੇ। ਇਸ ਤੋਂ ਇਲਾਵਾ ਪਬਲਿਕ ਲਾਇਬ੍ਰੇਰੀ ਨੂੰ ਚਲਾਉਣ ਲਈ ਨਿਗਮ ਸਮੇਂ-ਸਮੇਂ ਸਿਰ ਢੁੱਕਵੀਂ ਗਰਾਂਟ ਦੇ ਦਿਆ ਕਰੇ। ਅਣ ਅਧਿਕਾਰਤ ਦੁਕਾਨਾਂ ਵਾਲੀ ਜਗ੍ਹਾਂ ਨੂੰ ਛੱਡ ਕੇ ਬਾਕੀ ਜਗ੍ਹਾ ਦੀ ਲੀਜ਼ ਮਿਆਦ ਪਿਛਲੀ ਲੀਜ਼ ਮਨੀ 2154/- ਰੁਪਏ ਵਿੱਚ ਹਰ ਤਿੰਨ ਸਾਲ ਬਾਅਦ 20% ਵਾਧਾ ਕਰਨ ਉਪਰੰਤ ਮਿਤੀ 01/04/2015 ਤੋਂ 31/03/2018 ਅਤੇ 01/04/2018 ਤੋਂ 31/03/2021 ਤੱਕ 2 ਪੜਾਵਾਂ ਵਿੱਚ ਵਾਧਾ ਕਰ ਦਿੱਤਾ ਜਾਵੇ।

| | |
|---|---|
| **ਮਤਾ ਨੰਬਰ 24:** | **ਦੁਕਾਨਾਂ ਵਾਲੀ ਜਗ੍ਹਾ ਨੂੰ ਛੱਡ ਕੇ ਪਬਲਿਕ ਲਾਇਬਰੇਰੀ ਵਾਲੀ ਜਗ੍ਹਾ ਦੀ ਲੀਜ਼ ਵਿੱਚ ਨਿਯਮਾਂ ਅਨੁਸਾਰ ਵਾਧਾ ਕਰਨਾ ਪ੍ਰਵਾਨ ਹੈ। ਇਸ ਥਾਂ ਬਣੀਆਂ ਦੁਕਾਨਾਂ ਅਤੇ ਇਹਨਾਂ ਦੇ ਕਿਰਾਏ ਸਬੰਧੀ ਫੈਸਲਾ ਪੈਡਿੰਗ ਰੱਖਿਆ ਜਾਂਦਾ ਹੈ।** |

*ਆਖੀਰ ਵਿੱਚ ਸ਼੍ਰੀ ਸੁਰੇਸ਼ ਕੁਮਾਰ, ਕੌਂਸਲਰ ਵਾਰਡ ਨੰਬਰ 22 ਨੇ ਮੰਗ ਕੀਤੀ ਕਿ ਸ਼ਹਿਰ ਵਿੱਚ ਸਫਾਈ ਦੀ ਵਿਵਸਥਾ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਲੋੜੀਂਦੇ ਸਫਾਈ ਸੇਵਕ ਅਤੇ ਟਿੱਪਰਾਂ ਤੇ ਵਰਕਰਾਂ ਦੀ ਭਰਤੀ ਕੀਤੀ ਜਾਵੇ। ਉਹਨਾਂ ਇਹ ਵੀ ਦਸਿਆ ਕਿ ਇਲੈਕਸ਼ਨ ਦੋਰਾਨ ਉਹਨਾਂ ਦੇ ਵਾਰਡ ਵਿੱਚ ਜਿੰਮ ਦਾ ਸਮਾਨ ਲਗਾਇਆ ਜਾ ਰਿਹਾ ਸੀ, ਜੋ ਕਿ ਬਾਅਦ ਵਿੱਚ ਪੁੱਟ ਲਿਆ ਗਿਆ। ਉਹਨਾਂ ਆਪਣੇ ਵਾਰਡ ਵਿੱਚ ਓਪਨ ਏਅਰ ਜਿੰਮ ਲਗਾਉਣ ਦੀ ਮੰਗ ਕੀਤੀ।*

*ਸ਼੍ਰੀ ਬੇਅੰਤ ਸਿੰਘ ਰੰਧਾਵਾ, ਕੌਂਸਲਰ ਵਾਰਡ ਨੰਬਰ 6 ਵੱਲੋਂ ਬੇਨਤੀ ਕੀਤੀ ਗਈ ਕਿ ਸ਼੍ਰੀ ਸਤੀਸ਼ ਕੁਮਾਰ ਅਤੇ ਸ਼੍ਰੀ ਸੰਦੀਪ ਕਟਾਰੀਆ, ਸੁਪਰਡੈਂਟ (ਸਿਹਤ ਸ਼ਾਖਾ) ਵੱਲੋਂ ਕਰੋਨਾ ਕਾਲ ਵਿੱਚ ਸੇਵਾ ਕੀਤੀ ਹੈ। ਇੰਨ੍ਹਾਂ ਅਧਿਕਾਰੀਆਂ ਦਾ 15 ਅਗਸਤ ਦੇ ਮੌਕੇ ਤੇ ਬਣਦਾ ਸਨਮਾਨ ਕੀਤਾ ਜਾਵੇ। ਇਸਤੇ ਸ੍ਰ: ਹਰਵਿੰਦਰ ਸਿੰਘ, ਕੌਂਸਲਰ ਵਾਰਡ ਨੰਬਰ 36 ਨੇ ਕਿਹਾ ਕਿ ਜਿਸ ਵੀ ਅਧਿਕਾਰੀ/ਕਰਮਚਾਰੀ ਨੇ ਕਰੋਨਾ ਕਾਲ ਵਿੱਚ ਸੇਵਾ ਕੀਤੀ ਹੈ, ਉਹਨਾਂ ਸਾਰਿਆਂ ਦਾ 15 ਅਗਸਤ ਦੇ ਸ਼ੁਭ ਮੌਕੇ ਤੇ ਬਣਦਾ ਮਾਨ-ਸਨਮਾਨ ਕੀਤਾ ਜਾਵੇ।*

*ਸ੍ਰ: ਹਰਵਿੰਦਰ ਸਿੰਘ, ਕੌਂਸਲਰ ਨੇ ਇਹ ਵੀ ਕਿਹਾ ਕਿ ਸ਼੍ਰੀ ਸੀਤਾ ਰਾਮ ਠੇਕੇਦਾਰ ਵੱਲੋਂ ਨਾਂ ਤਾਂ ਸਮੇਂ ਸਿਰ ਕੰਮ ਮੁਕੰਮਲ ਕੀਤਾ ਜਾਂਦਾ ਹੈ ਅਤੇ ਨਾ ਹੀ ਫੋਨ ਅਟੈਂਡ ਕੀਤਾ ਜਾਂਦਾ ਹੈ। ਉਹਨਾਂ ਇਸ ਠੇਕੇਦਾਰ ਨੂੰ ਬਲੈਕ ਲਿਸਟ ਕਰਨ ਅਤੇ ਭੱਵਿਖ ਵਿੱਚ ਇਸ ਠੇਕੇਦਾਰ ਨੂੰ ਕੰਮ ਨਾ ਅਲਾਟ ਕਰਨ ਦੀ ਮੰਗ ਕੀਤੀ। ਇਸਤੇ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਜੀ ਨੂੰ ਹਦਾਇਤ ਕੀਤੀ ਗਈ ਕਿ ਸ਼੍ਰੀ ਸੀਤਾ ਰਾਮ ਠੇਕੇਦਾਰ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ।*

*ਸ਼੍ਰੀਮਤੀ ਪ੍ਰਵੀਨ ਗਰਗ, ਕੌਂਸਲਰ ਵਾਰਡ ਨੰਬਰ 31 ਨੇ ਮੰਗ ਕੀਤੀ ਕਿ ਉਹਨਾਂ ਦੇ ਵਾਰਡ ਵਿੱਚ ਕੌਂਸਲਰ ਸਾਹਿਬਾਨ ਅਤੇ ਗਲੀਆਂ ਦੇ ਬੋਰਡ ਲਗਾਏ ਜਾਣ। ਇਸਤੇ ਮੇਅਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਇਸ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ।*

*ਸ਼੍ਰੀਮਤੀ ਕਮਲੇਸ਼ ਮਹਿਰਾ, ਕੌਂਸਲਰ ਵਾਰਡ ਨੰਬਰ 49 ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਸਫਾਈ ਦਾ ਬਹੁਤ ਹੀ ਬੁਰਾ ਹਾਲ ਹੈ। ਉਹਨਾਂ ਮੰਗ ਕੀਤੀ ਕਿ ਉਹਨਾਂ ਦੇ ਵਾਰਡ ਵਿੱਚੋਂ ਸੋਨੂੰ ਅਤੇ ਵਿਨੋਦ ਸਫਾਈ ਸੇਵਕਾਂ ਨੂੰ ਨਾ ਹਟਾਇਆ ਜਾਵੇ। ਇਸਤੇ ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਸ਼੍ਰੀ ਸੰਦੀਪ ਕਟਾਰੀਆ, ਸੁਪਰਡੈਂਟ (ਸਿਹਤ) ਨੂੰ ਬਣਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ।*

*ਸ਼੍ਰੀਮਤੀ ਰੀਨਾ ਗੁਪਤਾ, ਕੌਂਸਲਰ ਵਾਰਡ ਨੰਬਰ 29 ਨੇ ਦਸਿਆ ਕਿ ਮਾਲ ਰੋਡ ਤੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਬਣੇ ਪੁਆਇੰਟ ਦਾ ਬੁਰਾ ਹਾਲ ਹੈ। ਜੇਕਰ ਹੁਣ ਬਾਰਸ਼ ਹੁੰਦੀ ਹੈ ਤਾਂ ਸਾਰੀ ਮਾਲ ਰੋਡ ਤੇ ਪਾਣੀ ਭਰ ਜਾਵੇਗਾ। ਉਹਨਾਂ ਜਲਦ ਤੋਂ ਜਲਦ ਇਸ ਪੁਆਇੰਟ ਦੀ ਮੁਰਮੰਤ ਕਰਨ ਦੀ ਮੰਗ ਕੀਤੀ। ਇਸਤੋਂ ਇਲਾਵਾ ਉਹਨਾਂ ਵੱਲੋਂ ਆਪਣੇ ਵਾਰਡ ਦੀਆਂ ਰੋਡ ਜਾਲੀਆਂ ਦੀ ਸਫਾਈ ਕਰਨ ਦੀ ਮੰਗ ਕੀਤੀ। ਉਹਨਾਂ ਇਹ ਵੀ ਮੰਗ ਕੀਤੀ ਕਿ ਜਿੰਨ੍ਹਾਂ ਸੜ੍ਹਕਾਂ ਤੇ ਕੰਕਰੀਟ ਪਾਇਆ ਜਾਣਾ ਹੈ, ਉਹ ਜਲਦ ਤੋਂ ਜਲਦ ਪਾਇਆ ਜਾਵੇ ਤਾਂ ਜੋ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਨਾ ਕਰਨਾ ਪਵੇ। ਉਕਤ ਤੋਂ ਇਲਾਵਾ ਉਹਨਾਂ ਆਪਣੇ ਵਾਰਡ ਵਿੱਚ ਆਰ.ਓ. ਪਲਾਂਟ ਸ਼ੁਰੂ ਕਰਨ ਦੀ ਮੰਗ ਕੀਤੀ। ਇਸਤੇ ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਸਬੰਧਤ ਅਧਿਕਾਰੀਆਂ ਨੂੰ ਬਣਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ ਗਈ।*

*ਸ਼੍ਰੀਮਤੀ ਕਿਰਨ ਰਾਣੀ, ਕੌਂਸਲਰ ਵਾਰਡ ਨੰਬਰ 23 ਵੱਲੋਂ ਮੰਗ ਕੀਤੀ ਗਈ ਕਿ ਮੁਲਤਾਨੀਆ ਰੋਡ ਤੇ ਫਲਾਈਓਵਰ ਪਾਸ ਬਣੇ ਸ਼ਹੀਦ ਜਰਨੈਲ ਸਿੰਘ ਦੇ ਸਟੈਚੂ ਪਾਸ ਆਏ ਦਿਨ ਐਕਸੀਡੈਂਟ ਹੁੰਦੇ ਰਹਿੰਦੇ ਹਨ। ਉਹਨਾਂ ਇਸ ਸਟੈਚੂ ਨੂੰ ਥੋੜ੍ਹਾ ਹੋਰ ਅੱਗੇ ਚੌਂਕ ਵਿੱਚ ਇਨਸਟਾਲ ਕਰਨ ਦੀ ਮੰਗ ਕੀਤੀ। ਇਸਤੇ ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਸਬੰਧਤ ਅਧਿਕਾਰੀਆਂ ਨੂੰ ਮੌਕਾ ਵੇਖ ਕੇ ਰਿਪੋਰਟ ਕਰਨ ਦੀ ਹਦਾਇਤ ਕੀਤੀ ਤਾਂ ਜੋ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕੇ।*

*ਸ਼੍ਰੀ ਅਸੇਸ਼ਰ ਪਾਸਵਾਨ, ਕੌਂਸਲਰ ਵਾਰਡ ਨੰਬਰ 12 ਵੱਲੋਂ ਮੰਗ ਕੀਤੀ ਗਈ ਕਿ ਉਹਨਾਂ ਦੇ ਵਾਰਡ ਦੀਆਂ ਰਹਿੰਦੀਆਂ ਗਲੀਆਂ ਵਿੱਚ ਜਲਦ ਤੋਂ ਜਲਦ ਇੰਟਰਲਾਕਿੰਗ ਟਾਈਲਾਂ ਲਗਾਈਆਂ ਜਾਣ ਤਾਂ ਜੋ ਲੋਕਾਂ ਨੂੰ ਦਿੱਕਤ ਨਾ ਆਵੇ।ਇਸਤੇ ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਸਬੰਧਤ ਅਧਿਕਾਰੀਆਂ ਨੂੰ ਬਣਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ ਗਈ।*

ਇਸ ਉਪਰੰਤ ਮੀਟਿੰਗ ਧੰਨਵਾਦ ਨਾਲ ਖਤਮ ਕੀਤੀ ਗਈ।

ਸਹੀ/-
**ਮੇਅਰ**
**ਨਗਰ ਨਿਗਮ,ਬਠਿੰਡਾ।**

ਪਿੱਠ ਅੰਕਣ ਨੰਬਰ: ਮਿਤੀ:

ਉਪਰੋਕਤ ਦਾ ਉਤਾਰਾ:

1. ਪੀ.ਏ. ਟੂ ਕਮਿਸ਼ਨਰ
2. ਨਿਗਰਾਨ ਇੰਜੀਨੀਅਰ
3. ਸਮੂਹ ਨਿਗਮ ਇੰਜੀਨੀਅਰ
4. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)
5. ਡਿਪਟੀ ਕੰਟਰੋਲਰ (ਲੋਕਲ ਆਡਿਟ)
6. ਲੇਖਾਕਾਰ
7. ਸਮੂਹ ਸਬੰਧਤ ਸ਼ਾਖਾ ਮੁੱਖੀ
   ਨੂੰ ਸੁਚਨਾਂ ਹਿੱਤ ਭੇਜਿਆ ਜਾਂਦਾ ਹੈ।

**ਸਕੱਤਰ**
**ਨਗਰ ਨਿਗਮ, ਬਠਿੰਡਾ।**